੧ੳ ਵਾਹਿਗੁਰੂ ਜੀ ਕੀ ਫ਼ਤਹ॥

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦਾ

ਮਾਸਿਕ ਪੱਤਰ

# ਗੁਰਦੁਆਰਾ ਗਜ਼ਟ

ਚੇਤ — ਨਾਨਕਸ਼ਾਹੀ ਸੰਮਤ ੫੪੮
ਅੰਕ ੩ — ਜਿਲਦ ੯੩
ਮਾਰਚ — ੨੦੧੬

**ਸੰਪਾਦਕ** — **ਦਿਲਜੀਤ ਸਿੰਘ 'ਬੇਦੀ'**

**ਸਹਾਇਤਾ**

| **ਦੇਸ਼** | **ਵਿਦੇਸ਼** |
|---|---|
| ਸਾਲਾਨਾ ੨੦/- | ਸਾਲਾਨਾ ੫੦੦/- |
| ਲਾਈਫ਼ ੨੦੦/- | (ਹਵਾਈ ਡਾਕ) |

***Website : www.sgpc.net***
***E-mail : info@sgpc.net***
***gurdwaragazette@gmail.com***
***Phone: 0183-255 3956-60, Ext.254***

## ਜ਼ਰੂਰੀ ਬੇਨਤੀ

ਸੰਗਤਾਂ ਦੀ ਸਹੂਲਤ ਨੂੰ ਮੁੱਖ-ਰਖਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਬਿਰਧ ਸਰੂਪਾਂ ਦੀ ਸਾਂਭ-ਸੰਭਾਲ 'ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ', ਗੁਰਦੁਆਰਾ ਸ੍ਰੀ ਰਾਮਸਰ ਸਾਹਿਬ (ਨਜ਼ਦੀਕ ਗੁਰਦੁਆਰਾ ਸ਼ਹੀਦ ਗੰਜ ਬਾਬਾ ਦੀਪ ਸਿੰਘ ਜੀ 'ਸ਼ਹੀਦ') ਵਿਖੇ ਕਰਨ ਦਾ ਫ਼ੈਸਲਾ ਕੀਤਾ ਹੈ। ਪਾਵਨ ਬਿਰਧ ਸਰੂਪ ਲੈ ਕੇ ਆਈਆਂ ਸੰਗਤਾਂ ਇਥੋਂ ਹੀ ਪਾਵਨ ਸਰੂਪ ਵੀ ਪ੍ਰਾਪਤ ਕਰ ਸਕਦੀਆਂ ਹਨ। ਸੋ ਸਮੂਹ ਸੰਗਤਾਂ ਦੀ ਸੇਵਾ ਵਿਚ ਬਿਨੈ ਹੈ ਕਿ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਬਿਰਧ ਸਰੂਪ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਵਿਖੇ ਲਿਆਉਣ ਦੀ ਕ੍ਰਿਪਾਲਤਾ ਕਰਨ।

ਗੁਰੂ-ਪੰਥ ਦਾ ਦਾਸ,
ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।

ਕੇਂਦਰੀ ਲਾਇਬ੍ਰੇਰੀ ਕਮੇਟੀ ਅਤੇ ਸੰਚਾਲਕ ਲੋਕ ਸੰਪਰਕ ਵਿਭਾਗ ਚੰਡੀਗੜ੍ਹ ਦੀ ਚਿੱਠੀ ਨੰ: ਲ. ਸ. ਵ. (ਲਾਇਬ)-੬੮/੧੦੨੫੮ ਮਿਤੀ ੨੦-੬-੬੭ ਰਾਹੀਂ ਸਰਕਾਰੀ ਲਾਇਬ੍ਰੇਰੀਆਂ ਲਈ ਪ੍ਰਵਾਨ ਹੈ।

ਗੋਲਡਨ ਆਫਸੈੱਟ ਪ੍ਰੈੱਸ, ਗੁਰਦੁਆਰਾ ਰਾਮਸਰ ਸਾਹਿਬ, ਸ੍ਰੀ ਅੰਮ੍ਰਿਤਸਰ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਲਈ **ਦਿਲਜੀਤ ਸਿੰਘ** ਪ੍ਰਿੰਟਰ ਤੇ ਪਬਲਿਸ਼ਰ ਨੇ ਛਪਵਾ ਕੇ ਦਫ਼ਤਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਤੋਂ ਜਾਰੀ ਕੀਤਾ।

***ਪ੍ਰਤੀ ਕਾਪੀ 2/-ਰੁਪਏ***

## ਲੇਖ ਸੂਚੀ

| *ਲੇਖ* | *ਪੰਨਾ* |
|---|---|
| ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ ਦੀ ਪਵਿੱਤਰ ਮਰਯਾਦਾ | ੪ |
| ਇਤਿਹਾਸਕ ਦਿਹਾੜੇ | ੫ |
| ਗੁਰਬਾਣੀ ਵਿਚਾਰ | ੭ |
| ਸੰਪਾਦਕੀ | ੮ |
| ਔਰਨ ਕੀ ਹੋਲੀ ਮਮ ਹੋਲਾ *-ਜਥੇਦਾਰ ਅਵਤਾਰ ਸਿੰਘ* | ੧੦ |
| ਖ਼ਾਲਸੇ ਦਾ ਹੋਲਾ *-ਪ੍ਰੋ. ਪਿਆਰਾ ਸਿੰਘ ਪਦਮ (ਗੁਰਪੁਰਵਾਸੀ)* | ੧੩ |
| ਜੀਵਨ ਦਰਸ਼ਨ : ਸ੍ਰੀ ਗੁਰੂ ਅੰਗਦ ਦੇਵ ਜੀ *-ਡਾ. ਰਛਪਾਲ ਸਿੰਘ* | ੧੮ |
| ਗੁਰੂ ਦੀ ਬਖਸ਼ਿਸ਼ ਨਾਲ ਨੌਜਵਾਨ ਨੂੰ ਮਿਲੀ ਦੇਹ ਅਰੋਗਤਾ *-ਦਿਲਜੀਤ ਸਿੰਘ 'ਬੇਦੀ'* | ੨੯ |
| ਸ੍ਰੀ ਅਨੰਦਪੁਰ ਸਾਹਿਬ-ਪੁਰਾਤਨ ਸਿੱਖ ਇਤਿਹਾਸਕ ਗ੍ਰੰਥਾਂ ਵਿਚ *-ਡਾ. ਧਰਮ ਸਿੰਘ* | ੩੨ |
| ਖ਼ਬਰਨਾਮਾ | ੩੭ |
| ਧਰਮ ਪ੍ਰਚਾਰ ਸਰਗਰਮੀਆਂ | ੬੬ |
| ਹਿਸਾਬ-ਕਿਤਾਬ | ੬੯ |
| ***English Section*** | |
| Historical Events | *92* |
| Sri Guru Tegh Bahadur Sahib Ji *- S. Surjit Singh 'Gandhi'* | 94 |

ੴ ਸਤਿਗੁਰ ਪ੍ਰਸਾਦਿ॥

# ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ ਦੀ ਪਵਿੱਤਰ ਮਰਯਾਦਾ

## (ਮਹੀਨਾ ਚੇਤ)

| | |
|---|---|
| * ਕਿਵਾੜ ਖੁੱਲ੍ਹਣ ਦਾ ਸਮਾਂ | ੨-੩੦ ਵਜੇ ਅੰਮ੍ਰਿਤ ਵੇਲੇ |
| * ਕੀਰਤਨ ਆਰੰਭ | ੨-੩੦ ਵਜੇ ਅੰਮ੍ਰਿਤ ਵੇਲੇ |
| * ਆਸਾ ਦੀ ਵਾਰ ਦਾ ਕੀਰਤਨ ਆਰੰਭ | ੩-੩੦ ਵਜੇ ਸਵੇਰੇ |
| * ਪਾਲਕੀ ਸਾਹਿਬ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਚੱਲਣ ਦਾ ਸਮਾਂ | ੪-੩੦ ਵਜੇ ਸਵੇਰੇ |
| * ਪਹਿਲਾ ਹੁਕਮਨਾਮਾ | ੫-੦੦ ਵਜੇ ਸਵੇਰੇ |
| * ਪਹਿਲੀ ਅਰਦਾਸ | ੫-੩੦ ਵਜੇ ਸਵੇਰੇ |
| * ਸ੍ਰੀ ਆਸਾ ਦੀ ਵਾਰ ਦੀ ਸਮਾਪਤੀ | ੬-੩੦ ਵਜੇ ਸਵੇਰੇ |
| * ਦੂਸਰੀ ਅਰਦਾਸ ਤੇ ਹੁਕਮਨਾਮਾ | ੬-੩੦ ਤੋਂ ੬-੪੫ ਵਜੇ ਸਵੇਰੇ |

* ਸ਼ਾਮ ਨੂੰ ਸੋਦਰੁ, ਰਹਰਾਸਿ ਸਾਹਿਬ ਦਾ ਪਾਠ ਸੂਰਜ ਛਿਪਣ ਉਪਰੰਤ ਸ਼ੁਰੂ ਹੁੰਦਾ ਹੈ।

| | |
|---|---|
| * ਹੁਕਮਨਾਮਾ ਰਾਤ ਨੂੰ ਸਮਾਪਤੀ ਸਮੇਂ | ੯-੪੫ ਵਜੇ ਰਾਤ |
| * ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੋਂ ਪਾਲਕੀ ਸਾਹਿਬ ਚੱਲਣ ਦਾ ਸਮਾਂ | ੧੦-੦੦ ਵਜੇ ਰਾਤ |
| * ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪਹੁੰਚਣ ਦਾ ਸਮਾਂ | ੧੦-੧੫ ਵਜੇ ਰਾਤ |

* ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਕਿਵਾੜ ਖੁੱਲ੍ਹਣ ਤੋਂ ਲੈ ਕੇ ਸਮਾਪਤੀ ਤਕ ਅਖੰਡ ਕੀਰਤਨ ਹੁੰਦਾ ਰਹਿੰਦਾ ਹੈ।
* ਰਾਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਜਾਣ ਉਪਰੰਤ ਇਕ ਘੰਟਾ ਸੇਵਾ ਤੇ ਸਫਾਈ ਆਦਿ ਉਪਰੰਤ ਇਸ਼ਨਾਨ ਕਰਾਉਣ ਦੀ ਸੇਵਾ ਸ਼ਰਧਾਲੂ, ਸੇਵਾਦਾਰਾਂ ਦੇ ਸਹਿਯੋਗ ਨਾਲ ਕਰਦੇ ਹਨ।
* ਇਸ਼ਨਾਨ ਸਮੇਂ ਮਿਲ ਕੇ ਪ੍ਰੇਮੀ ਇਸ਼ਨਾਨ ਕਰਾਉਂਦੇ ਹਨ ਅਤੇ ਨਾਲ ਬੜੇ ਹੀ ਪ੍ਰੇਮ ਸਹਿਤ ਰਸ-ਭਿੰਨੀ ਸੁਰ ਵਿਚ ਗੁਰਬਾਣੀ ਦੇ ਸ਼ਬਦ ਗਾਇਨ ਕਰਦੇ ਹਨ। ਇਸ਼ਨਾਨ ਆਦਿ ਦੀ ਸੇਵਾ ਕਰਾਉਣ ਉਪਰੰਤ ਵਿਛਾਈਆਂ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਿੰਘਾਸਨ ਸਜਾ ਕੇ ਅਰਦਾਸ ਹੁੰਦੀ ਹੈ ਤੇ ਕੜਾਹ ਪ੍ਰਸ਼ਾਦਿ ਦੀ ਦੇਗ ਵਰਤਦੀ ਹੈ।
* ਫਿਰ ਤਿੰਨ-ਪਹਿਰੇ ਦੀ ਚੌਂਕੀ ਦਾ ਕੀਰਤਨ ਆਰੰਭ ਹੁੰਦਾ ਹੈ।
* ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਵਿਚਕਾਰਲੀ ਛੱਤ ਅਤੇ ਗੁੰਬਦ ਵਿਚ ਹਰ ਵਕਤ ਅਖੰਡ ਪਾਠ ਸਾਹਿਬ ਚੱਲਦੇ ਹਨ, ਜਿਨ੍ਹਾਂ ਦਾ ਵਾਰੀ ਨਾਲ ਰੋਜ਼ਾਨਾ ਇਕ ਅਖੰਡ ਪਾਠ ਸਾਹਿਬ ਦਾ ਭੋਗ ਪੈਂਦਾ ਹੈ।

*ਪਾਠਕ/ਲੇਖਕ 'ਗੁਰਦੁਆਰਾ ਗਜ਼ਟ' ਲਈ ਰਚਨਾਵਾਂ, ਸਹਾਇਤਾ ਅਤੇ ਸੁਝਾਅ ਹੇਠ ਲਿਖੇ ਪਤੇ 'ਤੇ ਭੇਜਣ ਦੀ ਕ੍ਰਿਪਾਲਤਾ ਕਰਨ :*

**ਸਕੱਤਰ,**
**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ-੧੪੩੦੦੬**
**ਫੋਨ : ੦੦੯੧-੧੮੩-੨੫੫੩੯੫੭,੫੮,੫੯**

# ੧੬ ਮਾਰਚ ਤੋਂ ੧੫ ਅਪ੍ਰੈਲ ਵਿਚਲੇ ਇਤਿਹਾਸਕ ਦਿਹਾੜੇ

| | | |
|---|---|---|
| ੧੯ ਮਾਰਚ | | ਨਦੌਣ ਦੀ ਲੜਾਈ ਵਿਚ ਭਾਈ ਮਨੀ ਸਿੰਘ ਦੇ ਭਾਈ ਸੋਹਨ ਚੰਦ ਸ਼ਹੀਦ ਹੋਏ। (੧੯-੩-੧੬੯੦) |
| ੨੧ ਮਾਰਚ | | ਅਕਾਲੀ ਦਲ ਨੇ 'ਸਿੱਖ ਸਟੇਟ' ਲਈ ਇਕ ਮਤਾ ਪਾਸ ਕੀਤਾ। (੨੧-੩-੧੯੪੬) |
| ੨੨ ਮਾਰਚ | | ਜੈਤੋ ਦੇ ਮੋਰਚੇ ਲਈ ਤੀਜਾ ਸ਼ਹੀਦੀ ਜਥਾ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜੈਤੋ ਲਈ ਰਵਾਨਾ ਹੋਇਆ। (੨੨-੩-੧੯੨੪) |
| ੨੩ ਮਾਰਚ | | ਸ. ਭਗਤ ਸਿੰਘ ਨੂੰ ਲਾਹੌਰ ਜੇਲ੍ਹ ਵਿਚ ਫਾਂਸੀ ਦਿੱਤੀ। (੨੩-੩-੧੯੩੧) |
| ੨੪ ਮਾਰਚ | | ਅਨੰਦਪੁਰ ਸਾਹਿਬ ਵਿਖੇ ਇਕ ਵਿਸ਼ਾਲ ਅਕਾਲੀ ਕਾਨਫਰੰਸ ਹੋਈ ਜਿਸ ਵਿਚ ਸਿੱਖਾਂ ਦੇ ਗੁਰਧਾਮਾਂ ਦੇ ਪ੍ਰਬੰਧ ਵਿਚ ਸਰਕਾਰੀ ਦਖ਼ਲ-ਅੰਦਾਜ਼ੀ ਦੀ ਨਿੰਦਾ ਕੀਤੀ। (੨੪-੩-੧੯੫੯) |
| ੨੫ ਮਾਰਚ | (ੳ) | ਜਥੇਦਾਰ ਮੋਹਣ ਸਿੰਘ 'ਤੁੜ' ਸ਼੍ਰੋਮਣੀ ਅਕਾਲੀ ਦਲ ਦੇ ਕਾਰਜਕਾਰੀ ਪ੍ਰਧਾਨ ਬਣੇ। (੨੫-੩-੧੯੭੨) |
| | (ਅ) | ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ 'ਸਿੱਖ ਇਕ ਕੌਮ ਹਨ' ਦਾ ਮਤਾ ਪਾਸ ਕੀਤਾ। (੨੫-੩-੧੯੮੧) |
| ੨੭ ਮਾਰਚ | | ਜੈਤੋ ਦੇ ਮੋਰਚੇ ਦਾ ਚੌਥਾ ਸ਼ਹੀਦੀ ਜਥਾ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਰਵਾਨਾ ਹੋਇਆ। (੨੭-੩-੧੯੨੪) |
| ੨੯ ਮਾਰਚ | (ੳ) | ਦੂਜੀ ਪਾਤਸ਼ਾਹੀ ਸ੍ਰੀ ਗੁਰੂ ਅੰਗਦ ਦੇਵ ਜੀ ਜੋਤੀ-ਜੋਤਿ ਸਮਾਏ। (੨੯-੩-੧੫੫੨) |
| | (ਅ) | 'ਅਕਾਲੀ ਦਲ' ਦਾ ਨਾਮ 'ਸ਼੍ਰੋਮਣੀ ਅਕਾਲੀ ਦਲ' ਰੱਖਿਆ ਗਿਆ। (੨੯-੩-੧੯੨੨) |
| ੩੦ ਮਾਰਚ | | ਸਿੱਖਾਂ ਨੇ ਕਿਲ੍ਹਾ ਰਾਮ ਰੌਣੀ (ਅੰਮ੍ਰਿਤਸਰ) ਦੀ ਨੀਂਹ ਰੱਖੀ। (੩੦-੩-੧੭੪੭) |
| ੩੧ ਮਾਰਚ | (ੳ) | ਦੂਜੀ ਪਾਤਸ਼ਾਹੀ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਪ੍ਰਕਾਸ਼ ਹੋਇਆ। (੩੧-੩-੧੫੦੪) |
| | (ਅ) | ਚੀਫ਼ ਖਾਲਸਾ ਦੀਵਾਨ ਨੇ ਵਾਇਸਰਾਏ ਨੂੰ ਇਕ ਮੈਮੋਰੰਡਮ ਰਾਹੀਂ ਸਿੱਖਾਂ ਨੂੰ ਵੱਖ-ਵੱਖ ਕੌਂਸਲਾਂ ਤੇ ਸੇਵਾਵਾਂ ਵਿਚ ਪ੍ਰਤੀਨਿਧਤਾ ਦੇਣ ਦੀ ਮੰਗ ਕੀਤੀ। (੩੧-੩-੧੯੧੧) |
| ੨ ਅਪ੍ਰੈਲ | | ਭਾਈ ਪ੍ਰਿਥੀਪਾਲ ਸਿੰਘ, ਜਿਸ ਨੂੰ ਗੁਰੂ-ਕਾ-ਬਾਗ ਮੋਰਚੇ ਦੌਰਾਨ ਪੁਲਿਸ ਨੇ ਬੁਰੀ ਤਰ੍ਹਾਂ ਕੁੱਟਿਆ ਸੀ, ਗੁਰੂ ਰਾਮਦਾਸ ਹਸਪਤਾਲ ਵਿਖੇ ਦਮ ਤੋੜ ਗਿਆ। (੨-੪-੧੯੨੪) |
| ੪ ਅਪ੍ਰੈਲ | (ੳ) | ਸਿੱਖਾਂ ਦਾ ਇਕ ਜਥਾ ਸਿਰਾਂ 'ਤੇ ਕਾਲੀਆਂ ਦਸਤਾਰਾਂ ਸਜਾ ਕੇ ਨਨਕਾਣਾ ਸਾਹਿਬ ਪੁੱਜਾ ਅਤੇ ਅਕਾਲੀ ਦਲ ਦੀ ਭਰਤੀ ਸ਼ੁਰੂ ਕੀਤੀ। (੪-੪-੧੯੨੧) |

| | | |
|---|---|---|
| | (ਅ) | ਅਕਾਲੀ ਦਲ ਦੇ ਸ਼ਾਂਤਮਈ 'ਰਸਤਾ ਰੋਕੋ' ਅੰਦੋਲਨ ਵਿਚ ਪੁਲਿਸ ਹੱਥੋਂ ਚੌਵੀ ਸਿੱਖ ਸ਼ਹੀਦ ਹੋਏ। (੪-੪-੧੯੮੩) |
| ੫ ਅਪ੍ਰੈਲ | | ਸਿੱਖਾਂ ਨੇ ੨੧ ਫਰਵਰੀ ਦੇ ਦਿਨ ਨੂੰ ਨਨਕਾਣਾ ਸਾਹਿਬ ਦੇ ਸ਼ਹੀਦਾਂ ਦੀ ਯਾਦ ਵਿਚ ਮਨਾਉਣ ਦਾ ਫੈਸਲਾ ਕੀਤਾ। (੫-੪-੧੯੨੧) |
| ੬ ਅਪ੍ਰੈਲ | | ਪੰਜਾਬ ਸਰਕਾਰ ਨੇ ਅੰਮ੍ਰਿਤਸਰ ਜ਼ਿਲ੍ਹੇ ਵਿਚ 'ਪੰਜਾਬੀ ਸੂਬਾ' ਨਾਅਰੇ 'ਤੇ ਪਾਬੰਦੀ ਲਗਾ ਦਿੱਤੀ। (੬-੪-੧੯੫੫) |
| ੧੨ ਅਪ੍ਰੈਲ | (ੳ) | ਜੈਤੋ ਦੇ ਮੋਰਚੇ ਲਈ ਪੰਜਵਾਂ ਸ਼ਹੀਦੀ ਜਥਾ ਰਵਾਨਾ ਹੋਇਆ। (੧੨-੪-੧੯੨੪) |
| | (ਅ) | ਮਾਸਟਰ ਤਾਰਾ ਸਿੰਘ ਤੇ ਪੰਡਤ ਨਹਿਰੂ ਦੀ ਇਕ ਮੀਟਿੰਗ ਵਿਚ ਸਰਕਾਰ ਵੱਲੋਂ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿਚ ਦਖ਼ਲ ਨਾ ਦੇਣ ਦੀ ਸੰਧੀ ਹੋਈ। (੧੨-੪-੧੯੫੯) |
| ੧੩ ਅਪ੍ਰੈਲ | (ੳ) | ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਤਰਨ ਤਾਰਨ ਵਿਖੇ ਸਰੋਵਰ ਦੀ ਖੁਦਾਈ ਸ਼ੁਰੂ ਕਰਵਾਈ। (੧੩-੪-੧੫੯੦) |
| | (ਅ) | ਜ਼ਲ੍ਹਿਆਂ ਵਾਲਾ ਬਾਗ 'ਚ ਅੰਗਰੇਜ਼ੀ ਫ਼ੌਜ ਨੇ ਸੈਂਕੜੇ ਲੋਕ ਗੋਲੀਆਂ ਨਾਲ ਸ਼ਹੀਦ ਕਰ ਦਿੱਤੇ। (੧੩-੪-੧੯੧੯) |
| | (ੲ) | 'ਪੰਜਾਬੀ ਭਾਸ਼ਾ' ਪੰਜਾਬ ਵਿਚ ਸਕੱਤਰੇਤ ਪੱਧਰ 'ਤੇ ਦਫ਼ਤਰੀ ਭਾਸ਼ਾ ਵਜੋਂ ਲਾਗੂ ਹੋਈ। (੧੩-੪-੧੯੬੮) |
| | (ਸ) | ਸੰਤ ਹਰਚੰਦ ਸਿੰਘ ਲੌਂਗੋਵਾਲ ਸ਼੍ਰੋਮਣੀ ਅਕਾਲੀ ਦਲ ਦੇ ਕਾਰਜਕਾਰੀ ਪ੍ਰਧਾਨ ਬਣੇ। (੧੩-੪-੧੯੭੬) |
| ੧੪ ਅਪ੍ਰੈਲ | (ੳ) | ਪੰਜਾਬ ਵਿਚ ਸਿਵਲ-ਨਾ-ਫੁਰਮਾਨੀ ਲਹਿਰ ਸ਼ੁਰੂ ਹੋਈ। (੧੪-੪-੧੯੩੦) |
| | (ਅ) | ਭਾਰਤ ਸਰਕਾਰ ਨੇ ਜੋਧਪੁਰ ਕੈਦੀਆਂ ਦੀ ਮੁਲਾਕਾਤ 'ਤੇ ਪਾਬੰਦੀ ਲਗਾਈ। (੧੪-੪-੧੯੮੬) |

■


## ਅੰਮ੍ਰਿਤ ਸੰਚਾਰ

**ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹਰ ਬੁੱਧਵਾਰ ਤੇ ਐਤਵਾਰ ਨੂੰ ਦੁਪਹਿਰ ੧੨ ਵਜੇ ਅੰਮ੍ਰਿਤ-ਸੰਚਾਰ ਹੁੰਦਾ ਹੈ। ਅੰਮ੍ਰਿਤ ਅਭਿਲਾਖੀ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹਾਜ਼ਰ ਹੋ ਕੇ ਅੰਮ੍ਰਿਤਪਾਨ ਕਰ ਕੇ ਗੁਰੂ ਵਾਲੇ ਬਣਨ।**

**ਗੁਰਬਾਣੀ ਵਿਚਾਰ:**

# ਚੇਤਿ ਗੋਵਿੰਦੁ ਅਰਾਧੀਐ...

**ਚੇਤਿ ਗੋਵਿੰਦੁ ਅਰਾਧੀਐ ਹੋਵੈ ਅਨੰਦੁ ਘਣਾ॥**
**ਸੰਤ ਜਨਾ ਮਿਲਿ ਪਾਈਐ ਰਸਨਾ ਨਾਮੁ ਭਣਾ॥**
**ਜਿਨਿ ਪਾਇਆ ਪ੍ਰਭੁ ਆਪਣਾ ਆਏ ਤਿਸਹਿ ਗਣਾ॥**
**ਇਕੁ ਖਿਨੁ ਤਿਸੁ ਬਿਨੁ ਜੀਵਣਾ ਬਿਰਥਾ ਜਨਮੁ ਜਣਾ॥**
**ਜਲਿ ਥਲਿ ਮਹੀਅਲਿ ਪੂਰਿਆ ਰਵਿਆ ਵਿਚਿ ਵਣਾ॥**
**ਸੋ ਪ੍ਰਭੁ ਚਿਤਿ ਨ ਆਵਈ ਕਿਤੜਾ ਦੁਖੁ ਗਣਾ॥**
**ਜਿਨੀ ਰਾਵਿਆ ਸੋ ਪ੍ਰਭੂ ਤਿੰਨਾ ਭਾਗੁ ਮਣਾ॥**
**ਹਰਿ ਦਰਸਨ ਕੰਉ ਮਨੁ ਲੋਚਦਾ ਨਾਨਕ ਪਿਆਸ ਮਨਾ॥**
**ਚੇਤਿ ਮਿਲਾਏ ਸੋ ਪ੍ਰਭੂ ਤਿਸ ਕੈ ਪਾਇ ਲਗਾ॥੨॥**

*(ਪੰਨਾ ੧੩੩)*

ਚੇਤ ਵਿਚ (ਬਸੰਤ ਰੁੱਤ ਆਉਂਦੀ ਹੈ, ਹਰ ਪਾਸੇ ਖਿੜੀ ਫੁਲਵਾੜੀ ਮਨ ਨੂੰ ਆਨੰਦ ਦਿੰਦੀ ਹੈ, ਜੇ) ਪਰਮਾਤਮਾ ਨੂੰ ਸਿਮਰੀਏ (ਤਾਂ ਸਿਮਰਨ ਦੀ ਬਰਕਤਿ ਨਾਲ) ਬਹੁਤ ਆਤਮਿਕ ਆਨੰਦ ਹੋ ਸਕਦਾ ਹੈ । ਪਰ ਜੀਭ ਨਾਲ ਪਰਮਾਤਮਾ ਦਾ ਨਾਮ ਜਪਣ ਦੀ ਦਾਤ ਸੰਤ-ਜਨਾਂ ਨੂੰ ਮਿਲ ਕੇ ਹੀ ਪ੍ਰਾਪਤ ਹੁੰਦੀ ਹੈ ।

ਉਸੇ ਬੰਦੇ ਨੂੰ ਜਗਤ ਵਿਚ ਜੰਮਿਆ ਜਾਣੋ (ਉਸੇ ਦਾ ਜਨਮ ਸਫਲਾ ਸਮਝੋ) ਜਿਸ ਨੇ (ਸਿਮਰਨ ਦੀ ਸਹਾਇਤਾ ਨਾਲ) ਪਰਮਾਤਮਾ ਦਾ ਮਿਲਾਪ ਹਾਸਲ ਕਰ ਲਿਆ (ਕਿਉਂਕਿ) ਪਰਮਾਤਮਾ ਦੀ ਯਾਦ ਤੋਂ ਬਿਨਾਂ ਇਕ ਛਿਨ-ਮਾਤਰ ਸਮਾਂ ਗੁਜ਼ਾਰਿਆਂ ਭੀ ਜ਼ਿੰਦਗੀ ਵਿਅਰਥ ਬੀਤਦੀ ਜਾਣੋ।

ਜਿਹੜਾ ਪ੍ਰਭੂ ਪਾਣੀ ਵਿਚ, ਧਰਤੀ ਵਿਚ, ਅਕਾਸ਼ ਵਿਚ, ਜੰਗਲਾਂ ਵਿਚ, ਹਰ ਥਾਂ ਵਿਆਪਕ ਹੈ, ਜੇ ਐਸਾ ਪ੍ਰਭੂ ਕਿਸੇ ਮਨੁੱਖ ਦੇ ਹਿਰਦੇ ਵਿਚ ਨਾ ਵਸੇ, ਤਾਂ ਉਸ ਮਨੁੱਖ ਦਾ (ਮਾਨਸਿਕ) ਦੁੱਖ ਬਿਆਨ ਨਹੀਂ ਹੋ ਸਕਦਾ।

(ਪਰ) ਜਿਨ੍ਹਾਂ ਬੰਦਿਆਂ ਨੇ ਉਸ (ਸਰਬ-ਵਿਆਪਕ) ਪ੍ਰਭੂ ਨੂੰ ਆਪਣੇ ਹਿਰਦੇ ਵਿਚ ਵਸਾਇਆ ਹੈ, ਉਨ੍ਹਾਂ ਦਾ ਭਾਗ ਜਾਗ ਪੈਂਦਾ ਹੈ ।

ਨਾਨਕ ਦਾ ਮਨ ਭੀ ਹਰੀ ਦੇ ਦੀਦਾਰ ਨੂੰ ਤਾਂਘਦਾ ਹੈ, ਨਾਨਕ ਦੇ ਮਨ ਵਿਚ ਹਰੀ ਦਰਸ਼ਨ ਦੀ ਪਿਆਸ ਹੈ। ਜਿਹੜਾ ਮਨੁੱਖ ਮੈਨੂੰ ਹਰੀ ਦਾ ਮਿਲਾਪ ਕਰਾ ਦੇਵੇ, ਮੈਂ ਉਸ ਦੀ ਚਰਨੀਂ ਲੱਗਾਂਗਾ ॥੨॥

■

*ਸੰਪਾਦਕੀ...*

# ਯੁੱਧ ਵਿੱਦਿਆ ਦਾ ਖ਼ਾਲਸਈ ਰੰਗ

# ਹੋਲਾ ਮਹੱਲਾ

*ਸਿੱਖ ਧਰਮ ਅੰਦਰ 'ਹੋਲੇ ਮਹੱਲੇ' ਦਾ ਵਿਸ਼ੇਸ਼ ਮਹੱਤਵ ਹੈ। ਇਹ ਸਿੱਖ ਕੌਮ ਦੇ ਜਲੌ ਦਾ ਪ੍ਰਗਟਾਵਾ ਹੈ, ਜਿਸ ਨੇ ਕੌਮ ਅੰਦਰ ਨਵਾਂ ਜੋਸ਼ ਭਰਿਆ ਅਤੇ ਕਈ ਪ੍ਰੰਪਰਿਕ ਮਿੱਥਾਂ ਨੂੰ ਨਕਾਰਿਆ। ਇਸ ਮਹਾਨ ਦੇਣ ਨੇ ਗੁਰੂ ਸਾਹਿਬ ਵੱਲੋਂ ਸਿੱਖਾਂ ਨੂੰ ਸ਼ਸਤਰ ਵਿੱਦਿਆ ਨਾਲ ਜੋੜਨ ਦੀ ਜੁਗਤ ਨੂੰ ਰੂਪਮਾਨ ਕੀਤਾ ਅਤੇ ਤਿਉਹਾਰਾਂ ਨੂੰ ਸਿੱਖ ਦਿੱਖ ਦੇਣ ਦੀ ਰਵਾਇਤ ਨੂੰ ਅੱਗੇ ਵਧਾਇਆ। ਇਤਿਹਾਸ ਗਵਾਹ ਹੈ ਕਿ ਸਿੱਖ ਧਰਮ ਵਿਚ ਅਨੇਕਾਂ ਤਿਉਹਾਰ ਖ਼ਾਲਸਾਈ ਰੰਗ ਵਿਚ ਪ੍ਰਚਲਿਤ ਹੋਏ ਹਨ। ਇਸ ਲੜੀ ਵਿਚ ਦੀਵਾਲੀ (ਬੰਦੀਛੋੜ ਦਿਵਸ), ਵੈਸਾਖੀ (ਖ਼ਾਲਸਾ ਸਿਰਜਣਾ ਦਿਵਸ) ਆਦਿ ਪ੍ਰਮੁੱਖ ਹਨ। ਇਸੇ ਤਰ੍ਹਾਂ ਹੀ ਹੋਲੀ ਦੇ ਥਾਂ ਹੋਲਾ ਮਹੱਲਾ ਸਿੱਖ ਕੌਮ ਦਾ ਮਹਾਨ ਉਤਸਵ ਹੈ। ਹੋਲਾ ਮਹੱਲਾ ਦਾ ਆਰੰਭ ਦਸਵੇਂ ਪਾਤਸ਼ਾਹ ਜੀ ਵੱਲੋਂ ਸ੍ਰੀ ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ ਤੋਂ ਕੀਤਾ ਗਿਆ। ਹੋਲਾ ਮਹੱਲਾ ਦੀ ਆਰੰਭਤਾ ਦਾ ਮੁੱਖ ਕਾਰਨ ਪਾਤਸ਼ਾਹ ਜੀ ਵੱਲੋਂ ਸਿੱਖਾਂ ਨੂੰ ਯੁੱਧ ਲਈ ਤਿਆਰ ਕਰਨਾ ਸੀ। ਸਿੱਖ ਵਿਦਵਾਨ ਭਾਈ ਕਾਨ੍ਹ ਸਿੰਘ ਨਾਭਾ ਅਤੇ ਡਾ. ਰਤਨ ਸਿੰਘ ਜੱਗੀ ਦੇ ਹੋਲਾ ਮਹੱਲਾ ਨੂੰ ਪ੍ਰਭਾਸ਼ਿਤ ਕਰਦੇ ਵਿਚਾਰ ਧਿਆਨ ਮੰਗਦੇ ਹਨ।*

*ਭਾਈ ਕਾਨ੍ਹ ਸਿੰਘ ਨਾਭਾ ਨੇ ਮਹਾਨ ਕੋਸ਼ ਅੰਦਰ 'ਹੋਲਾ ਮਹੱਲਾ' ਦੇ ਅਰਥ ਹਮਲਾ, ਹੱਲਾ ਅਤੇ ਹੱਲੇ ਦੀ ਥਾਂ ਕੀਤੇ ਹਨ। ਮਹਾਨ ਕੋਸ਼ ਦਾ ਕਰਤਾ 'ਹੋਲਾ ਮਹੱਲਾ' ਸਬੰਧੀ ਲਿਖਦਾ ਹੈ, 'ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਖ਼ਾਲਸੇ ਨੂੰ ਸ਼ਸਤਰ ਅਤੇ ਯੁੱਧ ਵਿੱਦਿਆ ਵਿਚ ਨਿਪੁੰਨ ਕਰਨ ਲਈ ਇਹ ਰੀਤ ਚਲਾਈ ਸੀ। ਪਾਤਸ਼ਾਹ ਦੋ ਦਲ ਬਣਾ ਕੇ ਇੱਕ ਖਾਸ ਥਾਂ 'ਤੇ ਕਬਜ਼ਾ ਕਰਨ ਲਈ ਹਮਲਾ ਕਰਨ ਨੂੰ ਆਖਦੇ। ਕਲਗੀਧਰ ਆਪ ਇਸ ਮਸਨੂਈ ਜੰਗ ਦਾ ਕਰਤਬ ਦੇਖਦੇ ਅਤੇ ਦੋਹਾਂ ਦਲਾਂ ਨੂੰ ਸ਼ੁੱਭ ਸਿੱਖਿਆ ਦਿੰਦੇ ਸਨ। ਜੋ ਦਲ ਕਾਮਯਾਬ ਹੁੰਦਾ ਉਸ ਨੂੰ ਦੀਵਾਨ ਵਿਚ ਸਿਰੋਪਾ ਬਖ਼ਸ਼ਦੇ ਸਨ।'*

*ਸਿੱਖ ਪੰਥ ਵਿਸ਼ਵਕੋਸ਼ (ਡਾ. ਰਤਨ ਸਿੰਘ ਜੱਗੀ) ਅਨੁਸਾਰ, 'ਹੋਲੀ ਦੇ ਪਰੰਪਰਾਗਤ ਤਿਉਹਾਰ ਦੇ ਸਮਾਨਾਂਤਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਹੋਲਾ ਮਹੱਲਾ ਖੇਡਣ ਦੀ ਰੀਤ ਚਲਾਈ ਕਿਉਂਕਿ ਦਸਮ ਗੁਰੂ ਨਵੇਂ ਸਿਰਜੇ ਖ਼ਾਲਸੇ ਨੂੰ ਯੁੱਧ ਵਿੱਦਿਆ ਵਿਚ ਪ੍ਰਬੀਨ ਬਣਾਉਣਾ ਚਾਹੁੰਦੇ ਸਨ। ਇਸ ਲਈ ਉਨ੍ਹਾਂ ਨੇ ਪਰੰਪਰਾ ਤੋਂ ਹਟ ਕੇ ਇਸ ਤਿਉਹਾਰ ਦਾ ਸਬੰਧ ਯੁੱਧ ਪ੍ਰਕ੍ਰਿਆ ਨਾਲ ਜੋੜਿਆ।...... ਇਹ, ਅਸਲ ਵਿਚ ਸਿੱਖ ਸੈਨਿਕਾਂ ਨੂੰ ਅਭਿਆਸ ਕਰਾਉਣ ਲਈ ਇੱਕ ਬਣਾਵਟੀ ਯੁੱਧ ਹੁੰਦਾ ਸੀ। ਸੈਨਿਕਾਂ ਨੂੰ ਦੋ ਦਲਾਂ ਵਿਚ ਵੰਡ ਕੇ ਇੱਕ ਦਲ ਨੂੰ ਸਫ਼ੈਦ ਅਤੇ ਦੂਜੇ ਨੂੰ ਕੇਸਰੀ ਬਸਤਰ ਪਾਉਣ ਲਈ ਕਿਹਾ ਜਾਂਦਾ ਸੀ। ਬਣਾਵਟੀ ਜੰਗ ਦੇ ਕਈ ਰੂਪ ਹੁੰਦੇ ਸਨ। ਮੁੱਖ ਤੌਰ 'ਤੇ ਦੋਹਾਂ ਦਲਾਂ ਨੂੰ ਲੋਹਗੜ੍ਹ ਉਤੇ ਕਬਜ਼ਾ ਕਰਨ ਲਈ ਪ੍ਰੇਰਿਆ ਜਾਂਦਾ ਸੀ। ਜੋ ਦਲ ਪਹਿਲਾਂ ਕਬਜ਼ਾ ਕਰਦਾ ਉਸ ਨੂੰ ਇਨਾਮ ਤੇ ਸਿਰੋਪੇ ਦਿੱਤੇ ਜਾਂਦੇ ਜਾਂ ਫਿਰ ਇੱਕ ਦਲ ਨੂੰ ਲੋਹਗੜ੍ਹ ਉਤੇ ਕਾਬਜ਼ ਦੱਸਿਆ ਜਾਂਦਾ ਅਤੇ ਦੂਜੇ ਦਲ ਵਾਲੇ ਕਾਬਜ਼ ਦਲ ਨੂੰ 'ਵੈਰੀ' ਸਮਝ ਕੇ ਉਸ ਤੋਂ ਕਿਲ੍ਹਾ ਖੋਹਣ ਦਾ ਉੱਦਮ ਕਰਦੇ। ਜਿੱਤਣ*

*ਵਾਲੇ ਦਲ ਨੂੰ ਖ਼ੂਬ ਇਨਾਮ ਦਿੱਤੇ ਜਾਂਦੇ। ਇਸ ਮੌਕੇ ਸੱਤ ਦਿਨ ਦੀਵਾਨ ਸਜਦੇ, ਕਥਾ ਕੀਰਤਨ ਹੁੰਦਾ, ਵਾਰਾਂ ਗਾਈਆਂ ਜਾਂਦੀਆਂ, ਅਨੇਕ ਤਰ੍ਹਾਂ ਦੀਆਂ ਫ਼ੌਜੀ ਕਵਾਇਦਾਂ ਹੁੰਦੀਆਂ। ਹਰ ਪਾਸੇ ਚੜ੍ਹਦੀ ਕਲਾ ਦਾ ਮਾਹੌਲ ਬਣਿਆ ਰਹਿੰਦਾ। ਇਨ੍ਹਾਂ ਸਾਰੀਆਂ ਕਾਰਵਾਈਆਂ ਵਿਚ ਗੁਰੂ ਸਾਹਿਬ ਰੁਚੀ-ਪੂਰਵਾਕ ਸ਼ਾਮਲ ਹੁੰਦੇ ਅਤੇ ਸਿੱਖਾਂ ਦਾ ਉਤਸ਼ਾਹ ਵਧਾਉਂਦੇ।'*

*ਇੰਝ ਅਸੀਂ ਦੇਖਦੇ ਹਾਂ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸੇ ਨੂੰ ਬੀਰ ਰਸ ਨਾਲ ਜੋੜਨ ਲਈ ਹੋਲਾ ਮਹੱਲਾ ਆਰੰਭਿਆ, ਜਿਸ ਤੋਂ ਸਪੱਸ਼ਟ ਹੁੰਦਾ ਹੈ ਕਿ ਸਿੱਖ ਨੇ ਹੋਲੀ ਦੇ ਪੁਰਤਨ ਪ੍ਰੰਪਰਾਗਤ ਰੂਪ ਨੂੰ ਸਵੀਕਾਰ ਨਹੀਂ ਕਰਨਾ, ਸਗੋਂ ਸੂਰਮਤਾਈ ਦੇ ਪ੍ਰਤੀਕ ਹੋਲਾ ਮਹੱਲਾ ਨਾਲ ਜੁੜਨਾ ਹੈ। ਅਸਲ ਵਿਚ ਹੋਲਾ ਮਹੱਲਾ ਇੱਕ ਪ੍ਰੇਰਨਾ ਹੈ। ਧਰਮ ਖ਼ਾਤਿਰ ਮਰ ਮਿਟਣ ਦੀ, ਸੱਚ ਲਈ ਜੂਝਣ ਦੀ, ਲਿਤਾੜੇ ਹੋਏ ਤੇ ਨਿਮਾਣੇ ਲੋਕਾਂ ਲਈ ਹਥਿਆਰ ਬਣਨ ਦੀ ਪ੍ਰੇਰਨਾ। ਦਸਮ ਪਾਤਸ਼ਾਹ ਜੀ ਚਾਹੁੰਦੇ ਸਨ ਕਿ ਜੰਗਜੂ ਕਰਤੱਵਾਂ ਦੁਆਰਾ ਬੀਰਤਾ ਦਾ ਅਹਿਸਾਸ ਖ਼ਾਲਸਈ ਜੀਵਨ ਦਾ ਸਦੀਵੀਂ ਅੰਗ ਬਣੇ। ਉਹ ਚਾਹੁੰਦੇ ਸਨ ਕਿ ਸਿੱਖ ਸੰਤ-ਸਿਪਾਹੀ ਬਣੇ। ਸਿੱਖ ਦੇ ਜੀਵਨ ਵਿਚ ਅਧਿਆਤਮਿਕਤਾ ਤੇ ਬੀਰਤਾ ਬਰਾਬਰ ਨਿਭੇ। ਅਧਿਆਤਮਿਕਤਾ ਲਈ ਨਾਮ-ਰੰਗ ਅਤੇ ਬੀਰਤਾ ਲਈ ਸ਼ਸਤਰ ਵਿੱਦਿਆ, ਦੋਹਾਂ ਦਾ ਸੁਮੇਲ ਜ਼ਰੂਰੀ ਹੈ। ਹੋਲਾ ਮਹੱਲਾ ਦੀ ਮੂਲ ਭਾਵਨਾ ਇਹੀ ਹੈ।*

*ਚਿੰਤਾ ਦੀ ਗੱਲ ਇਹ ਹੈ ਕਿ ਅੱਜ ਅਸੀਂ ਗਲੋਬਲ ਪਿੰਡ ਦੇ ਵਸਨੀਕ ਤਾਂ ਬਣ ਗਏ ਹਾਂ ਪਰੰਤੂ ਆਪਣੇ ਸਿੱਖ ਸਭਿਆਚਾਰ ਤੋਂ ਕਿਨਾਰਾ ਕਰਦੇ ਜਾ ਰਹੇ ਹਾਂ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਾਨੂੰ ਸਿੱਖ ਪਛਾਣ ਦਿੱਤੀ ਅਤੇ ਸ਼ਸਤਰ ਵਿੱਦਿਆ ਨਾਲ ਜੋੜਨ ਲਈ ਮਹਾਨ ਉਪਰਾਲੇ ਕੀਤੇ, ਲੇਕਿਨ ਅਸੀਂ ਸਿੱਖ ਪਛਾਣ ਅਤੇ ਸ਼ਸਤਰਾਂ ਨੂੰ ਤਿਲਾਂਜਲੀ ਦਿੰਦੇ ਜਾ ਰਹੇ ਹਾਂ। ਅਸੀਂ ਹਰ ਸਾਲ ਹੋਲਾ ਮਹੱਲਾ ਸਮੇਂ ਸ੍ਰੀ ਅਨੰਦਪੁਰ ਸਾਹਿਬ ਵਿਖੇ ਤਾਂ ਲੱਖਾਂ ਦੀ ਗਿਣਤੀ ਵਿਚ ਪੁੱਜਦੇ ਹਾਂ ਪਰ ਇਸ ਵਿਚ ਵੱਡੀ ਗਿਣਤੀ ਸਿੱਖੀ ਤੋਂ ਭਟਕੇ ਹੋਏ ਕੇਸਾ ਰਹਿਤ ਨੌਜਵਾਨਾਂ ਦੀ ਹੁੰਦੀ ਹੈ। ਪੰਜ ਕਕਾਰੀ ਰਹਿਤ ਸਿੱਖ ਦੇ ਜੀਵਨ ਦਾ ਮੁੱਢਲਾ ਅੰਗ ਹੈ, ਜਿਸ ਦੇ ਧਾਰਨੀ ਬਣਨਾ ਹਰ ਸਿੱਖ ਦਾ ਪਰਮ ਧਰਮ ਕਰਤੱਵ ਹੈ। ਸੋ ਲੋੜ ਇਸ ਗੱਲ ਦੀ ਹੈ ਕਿ ਗੁਰੂ ਬਖਸ਼ੀ ਜੀਵਨ-ਜਾਚ ਅਪਣਾਈਏ, ਤਾਂ ਹੀ ਗੁਰੂ ਦੀਆਂ ਖੁਸ਼ੀਆਂ ਦਾ ਭਾਗੀ ਬਣ ਸਕਾਂਗੇ।*

-ਦਿਲਜੀਤ ਸਿੰਘ 'ਬੇਦੀ'

**ਅੰਮ੍ਰਿਤ ਛਕੋ,**

**ਸਿੰਘ ਸਜੋ**



# ਔਰਨ ਕੀ ਹੋਲੀ ਮਮ ਹੋਲਾ

*-ਜਥੇਦਾਰ ਅਵਤਾਰ ਸਿੰਘ**

ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਹੋਲੀ ਦੇ ਪ੍ਰੰਪਰਿਕ ਤਿਉਹਾਰ ਦੇ ਮੁਕਾਬਲੇ ਖ਼ਾਲਸਾ ਪੰਥ ਵਿਚ ਹੋਲਾ-ਮਹੱਲਾ ਦਾ ਪ੍ਰਾਰੰਭ ਕਰਵਾਇਆ। ਖ਼ਾਲਸਾ-ਪੰਥ ਵਿਚ 'ਹੋਲਾ ਮਹੱਲਾ' ਤਿਉਹਾਰ ਦੇ ਮੰਤਵ ਤੇ ਉਦੇਸ਼ ਬੜੇ ਉਸਾਰੂ ਤੇ ਸਾਰਥਿਕ ਹਨ। ਦਰਅਸਲ ਹੋਲਾ ਤੇ ਮਹੱਲਾ ਦੋ ਵੱਖ-ਵੱਖ ਸ਼ਬਦ ਹਨ। 'ਹੋਲਾ' ਅਰਬੀ ਭਾਸ਼ਾ ਅਤੇ 'ਮਹੱਲਾ' ਫਾਰਸੀ ਭਾਸ਼ਾ ਦਾ ਸ਼ਬਦ ਹੈ। ਹੋਲ, ਹੂਲ ਤੇ ਹੋਲਾ ਮਹੱਲਾ ਆਦਿ ਰਲਦੇ-ਮਿਲਦੇ ਸ਼ਬਦ ਹਨ। ਅਰਬੀ ਭਾਸ਼ਾ ਦਾ ਇਕ ਸ਼ਬਦ ਹੈ 'ਹੂਲ' ਜਿਸ ਦੇ ਅਰਥ ਨੇਕ ਅਤੇ ਭਲੇ ਕੰਮਾਂ ਲਈ ਜੂਝਣਾ, ਸੀਸ ਤਲੀ 'ਤੇ ਧਰ ਕੇ ਲੜਨਾ, ਤਲਵਾਰ ਦੀ ਧਾਰ 'ਤੇ ਚੱਲਣਾ। ਦਸਮੇਸ਼ ਪਿਤਾ ਜੀ ਨੇ ਨਿੱਘਰ ਚੁੱਕੇ ਸਮਾਜ ਦੇ ਦੱਬੇ-ਕੁਚਲੇ ਅਤੇ ਲਿਤਾੜੇ ਜਾ ਰਹੇ ਮਨੁੱਖਾਂ ਨੂੰ ਆਪਣੀ ਹੋਂਦ ਦਾ ਅਹਿਸਾਸ ਤੇ ਸਵੈਮਾਨ ਮਹਿਸੂਸ ਕਰਵਾਉਣ ਲਈ ਉਨ੍ਹਾਂ ਵਿਚ ਨਿਡਰਤਾ ਤੇ ਨਿਰਭੈਤਾ ਭਰਨ ਅਤੇ ਸੂਰਬੀਰ ਯੋਧੇ ਬਣਾਉਣ ਲਈ ਖਾਲਸਾ ਪੰਥ ਦੀ ਸਥਾਪਨਾ ਕੀਤੀ। ਉਨ੍ਹਾਂ ਨੇ ਚਰਨ-ਪਾਹੁਲ ਦੀ ਥਾਂ ਖੰਡੇ-ਬਾਟੇ ਦਾ ਅੰਮ੍ਰਿਤ ਤੇ ਹੋਲੀ ਦੀ ਥਾਂ ਹੋਲਾ-ਮਹੱਲਾ ਪ੍ਰਚਲਿਤ ਕੀਤਾ। ਆਜ਼ਾਦੀ ਪ੍ਰਾਪਤ ਕਰਨ ਅਤੇ ਜੋਸ਼ ਪੈਦਾ ਕਰਨ ਲਈ ਕਲਗੀਧਰ ਦਸਮੇਸ਼ ਪਿਤਾ ਜੀ ਨੇ ਜਿਥੇ ਨਵਾਂ ਜੀਵਨ ਬਖਸ਼ਿਆ ਉਥੇ ਭਾਰਤੀ ਸਮਾਜ ਨੂੰ ਉਨ੍ਹਾਂ ਦੇ ਰੀਤੀ-ਰਿਵਾਜ਼ਾਂ ਅਤੇ ਤਿਉਹਾਰ ਮਨਾਉਣ ਦੇ ਢੰਗਾਂ ਵਿਚ ਵੀ ਇਨਕਲਾਬੀ ਤਬਦੀਲੀਆਂ ਲਿਆਂਦੀਆਂ। ਗੁਰੂ ਸਾਹਿਬ ਨੇ ੧੬੯੯ ਈ: ਦੀ ਵੈਸਾਖੀ ਵਾਲੇ ਦਿਨ ਖਾਲਸਾ ਪੰਥ ਦੀ ਸਾਜਣਾ ਕਰਕੇ ਸਿੱਖ ਪੰਥ ਵਿਚ ਇਕ ਮਹਾਨ ਤੇ ਕ੍ਰਾਂਤੀਕਾਰੀ ਤਬਦੀਲੀ ਲਿਆਂਦੀ ਅਤੇ ਸਿੱਖਾਂ ਨੂੰ ਇਕ ਵੱਖਰੀ ਪਛਾਣ ਪ੍ਰਦਾਨ ਕੀਤੀ। ਗੁਰੂ ਜੀ ਨੇ ਇਸ ਕਾਇਮ ਕੀਤੀ ਜਥੇਬੰਦੀ ਵਿਚ ਦਲੇਰੀ ਅਤੇ ਜੁਰਅਤ ਭਰਨ ਲਈ ਤਿਉਹਾਰਾਂ ਨੂੰ ਮਨਾਉਣ ਦੇ ਰੰਗ-ਢੰਗ ਹੀ ਬਦਲ ਕੇ ਰੱਖ ਦਿਤੇ। ਹੋਲੀ ਮਨਾਉਣ ਸਮੇਂ ਜਿਥੇ ਲੋਕ ਇਕ ਦੂਜੇ 'ਤੇ ਰੰਗ ਸੁੱਟ ਕੇ ਅਤੇ ਨਸ਼ੇ ਪੀ ਕੇ ਮਨੁੱਖੀ-ਸ਼ਕਤੀ ਨੂੰ ਨਸ਼ਟ ਕਰ ਰਹੇ ਸਨ, ਉਥੇ ਸਤਿਗੁਰਾਂ ਨੇ ਇਸ ਬੁਰਿਆਈ ਨੂੰ ਖਤਮ ਕਰਨ ਲਈ 'ਹੋਲੀ' ਨੂੰ 'ਹੋਲੇ ਮਹੱਲੇ' ਦਾ ਰੂਪ ਦੇ ਦਿੱਤਾ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਖਾਲਸੇ ਨੂੰ ਯੁੱਧ-ਵਿੱਦਿਆ ਵਿਚ ਪ੍ਰਬੀਨ ਬਨਾਉਣਾ ਚਾਹੁੰਦੇ ਸਨ। ਇਸ ਲਈ ਉਨ੍ਹਾਂ ਨੇ ਹੋਲੀ ਦੇ ਪਰੰਪਰਾਈ ਪੱਖ ਤੋਂ ਹਟ ਕੇ ਇਸ ਤਿਉਹਾਰ ਦਾ ਸਬੰਧ ਸੂਰਮਤਾਈ ਨਾਲ ਜੋੜਿਆ। ਮਹੱਲਾ ਇਕ ਪ੍ਰਕਾਰ ਦੀ ਮਸਨੂਈ ਲੜਾਈ ਹੈ, ਪੈਦਲ ਅਤੇ ਘੋੜ-ਸਵਾਰ ਸ਼ਸਤਰਧਾਰੀ ਸਿੰਘ ਦੋ ਦਲ ਬਣਾ ਕੇ ਇਕ ਖਾਸ ਹਮਲੇ ਦੀ ਥਾਂ ਉਤੇ ਹਮਲਾ ਕਰਦੇ ਹਨ ਅਤੇ ਅਨੇਕ ਪ੍ਰਕਾਰ ਦੇ ਕਰਤਬ ਦਿਖਾਉਂਦੇ ਹਨ। ਕਲਗੀਧਰ ਜੀ ਆਪ ਇਸ ਮਸਨੂਈ ਲੜਾਈ ਨੂੰ ਵੇਖਦੇ ਅਤੇ ਦੋਹਾਂ ਦਲਾਂ ਨੂੰ ਲੋੜੀਂਦੀ ਸਿੱਖਿਆ ਪ੍ਰਦਾਨ ਕਰਦੇ। ਜਿਹੜਾ ਦਲ ਜੇਤੂ ਹੁੰਦਾ, ਉਸ ਨੂੰ ਦੀਵਾਨ ਵਿਚ ਸਿਰੋਪਾਓ ਬਖਸ਼ਿਸ਼ ਕਰਦੇ ਸਨ। ਇਸ ਮੌਕੇ ਦੀਵਾਨ ਸਜਦੇ, ਕਥਾ ਕੀਰਤਨ ਹੁੰਦਾ, ਬੀਰ ਰਸੀ ਵਾਰਾਂ ਗਾਈਆਂ ਜਾਂਦੀਆਂ ਅਤੇ ਅਨੇਕ ਤਰ੍ਹਾਂ ਦੀਆਂ ਫੌਜੀ ਕਵਾਇਦਾਂ ਹੁੰਦੀਆਂ। ਹਰ ਪਾਸੇ ਚੜ੍ਹਦੀ ਕਲਾ ਦਾ ਮਾਹੌਲ ਬਣਿਆ ਰਹਿੰਦਾ। ਗੁਰੂ ਸਾਹਿਬ ਇਨ੍ਹਾਂ ਸਾਰੀਆਂ ਕਾਰਵਾਈਆਂ ਵਿਚ ਖੁਦ ਸ਼ਾਮਲ ਹੁੰਦੇ ਅਤੇ ਸਿੱਖਾਂ ਦਾ ਉਤਸ਼ਾਹ ਵਧਾਉਂਦੇ। ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਹੋਲਾ-ਮਹੱਲਾ ਦੇ ਰੂਪ ਵਿਚ ਮਨਾਏ ਜਾਂਦੇ ਜੰਗਜੂ ਤਿਉਹਾਰ ਸਮੇਂ ਸਿੰਘਾਂ ਦੀਆਂ ਆਪਸ ਵਿਚ ਲੜੀਆਂ ਜਾਂਦੀਆਂ ਅਭਿਆਸ ਰੂਪੀ ਮਸਨੂਈ ਲੜਾਈਆਂ ਨੇ ਭਾਰਤੀ ਲੋਕਾਂ ਦੇ ਮਨੋ-

---

**ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।*

ਬਲ ਨੂੰ ਉੱਚਾ ਕੀਤਾ। ਲੋਕ ਕਾਇਰਤਾ ਭਰੇ ਮਾਹੌਲ 'ਚੋਂ ਨਿਕਲ ਕੇ ਇਸ ਉਤਸਵ ਵਿਚ ਬੜੇ ਜੋਸ਼ ਤੇ ਸਜ-ਧਜ ਨਾਲ ਸ਼ਾਮਲ ਹੋਣ ਲੱਗੇ। ਅਤਰ-ਫੁਲੇਲ ਦੀਆਂ ਸੁਗੰਧੀਆਂ, ਰੰਗਾਂ ਦੀਆਂ ਫੁਹਾਰਾਂ ਤੇ ਬੇਅੰਤ ਇਕੱਠ ਦੀ ਸ਼ੋਭਾ ਨੇ ਭਾਈ ਨੰਦ ਲਾਲ ਜੀ ਵਰਗੇ ਮਹਾਨ ਵਿਦਵਾਨ ਚਿੰਤਕ ਨੂੰ ਵੀ ਪ੍ਰਭਾਵਿਤ ਕੀਤਾ। ਸਤਿਗੁਰਾਂ ਦੇ ਸਮੇਂ ਹੋਲਾ-ਮਹੱਲਾ ਦੇ ਜਲੌ ਸਬੰਧੀ ਉਨ੍ਹਾਂ ਦੇ ਸ਼ਬਦ ਹਨ:

**ਗੁਲੇ ਹੋਲੀ ਬ ਬਾਗੇ ਦਰ ਬੂ ਕਰਦ।**
**ਲਬੇ ਚੂੰ ਗ਼ੁੰਚਾ ਰਾ ਫ਼ਰਖ਼ੰਦਹ ਖ਼ੂ ਕਰਦ।**
**ਗੁਲਾਬੋ ਅੰਬਰੋ ਮੁਸ਼ਕੋ ਅਬੀਰੋ।**
**ਚੂ ਬਾਰਾਂ ਬਾਰਸ਼ੇ ਅਜ ਸੂ ਬਸੂ ਕਰਦ।**
**ਜਹੇ ਪਿਚਕਾਰੀਏ ਪੁਰ ਜ਼ੁਫਰਾਨੀ।**
**ਕਿ ਹਰ ਬੇਰੰਗ ਰਾ ਖੁਸ਼ਰੰਗੋ ਬੂ ਕਰਦ।**
**ਗੁਲਾਲ ਅਫਸ਼ਾਨੀ ਅਜ਼ ਦਸਤੇ ਮੁਬਾਰਕ।**
**ਜ਼ਮੀਨੋ ਆਸਮਾਂ ਰਾ ਸੁਰਖਰੂ ਕਰਦ।**
**ਦੋ ਆਲਮ ਗਸ਼ਤ ਰੰਗੀ ਅਜ਼ ਤੁਫਲੈਸ਼।**
**ਚੁ ਸ਼ਾਹਮ ਜਾਮਹ ਰੰਗੀ ਦਹ ਗੁਲੂ ਕਰਦ।**

*(ਭਾਈ ਨੰਦ ਲਾਲ ਰਚਨਾਵਲੀ)*

ਹੋਲੇ ਮਹੱਲੇ ਦਾ ਆਰੰਭ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਚੇਤ ਵਦੀ ਇਕ ਸੰਮਤ ੧੭੫੭ ਬਿਕ੍ਰਮੀ ਵਾਲੇ ਦਿਨ, ਸ੍ਰੀ ਅਨੰਦਪੁਰ ਸਾਹਿਬ ਵਿਖੇ ਕਿਲ੍ਹਾ ਹੋਲਗੜ੍ਹ ਦੇ ਸਥਾਨ 'ਤੇ ਕੀਤਾ ਸੀ। ਹੋਲਾ ਮਹੱਲਾ ਮਨਾਉਣ ਦਾ ਮੁੱਖ ਮੰਤਵ ਗੁਰਸਿੱਖਾਂ ਅੰਦਰ 'ਫ਼ਤਹਿ' ਦੇ ਅਨੁਭਵ ਨੂੰ ਹੋਰ ਦ੍ਰਿੜ੍ਹ ਕਰਨਾ ਸੀ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਤੋਂ ਬਾਅਦ ਦੇਸ਼ ਦੀ ਜਨਤਾ ਖਾਸ ਕਰਕੇ ਗੁਰੂ ਨਾਨਕ ਨਾਮ-ਲੇਵਾ ਸਿੱਖ ਸੰਗਤਾਂ ਵਿਚ ਨਵਾਂ ਉਤਸ਼ਾਹ, ਨਿਡਰਤਾ ਅਤੇ ਨਿਰਭੈਤਾ ਦੀ ਭਾਵਨਾ ਭਰਨ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਨਵੇਂ ਆਦੇਸ਼ ਜਾਰੀ ਕੀਤੇ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਹੋਲੀ ਮਨਾਉਣ ਦੇ ਪ੍ਰੰਪਰਾਗਤ ਤਰੀਕਿਆਂ ਤੋਂ ਹਟ ਕੇ ਇਸ ਨੂੰ ਹੋਲਾ-ਮਹੱਲਾ ਦੇ ਵਿਲੱਖਣ ਰੂਪ 'ਚ ਮਨਾਉਣ ਦੀ ਰਵਾਇਤ ਆਰੰਭ ਕੀਤੀ ਅਤੇ ਇਸ ਤਿਉਹਾਰ ਨੂੰ ਖ਼ਾਲਸਾ-ਪੰਥ ਵਿਚ ਚੜ੍ਹਦੀ ਕਲਾ ਦੀ ਭਾਵਨਾ ਨੂੰ ਬੁਲੰਦੀਆਂ 'ਤੇ ਪਹੁੰਚਾਉਣ ਲਈ ਨਵੇਂ ਸਾਰਥਿਕ ਅਰਥ ਦਿੱਤੇ ਤੇ ਨਵੇਂ ਢੰਗ-ਤਰੀਕੇ ਅਪਣਾਏ।

ਮੌਸਮੀ ਤਬਦੀਲੀ ਦੇ ਪੱਖ ਤੋਂ 'ਹੋਲੀ' ਬਸੰਤ ਰੁੱਤ ਦੇ ਆਗਮਨ ਦੇ ਨਾਲ-ਨਾਲ ਖੇੜੇ ਤੇ ਖੁਸ਼ੀਆਂ ਦਾ ਤਿਉਹਾਰ ਹੋਣ ਕਰਕੇ ਮਾਨਵ ਚੇਤਨਾ ਵਿਚ ਵਿਸ਼ੇਸ਼ ਮਹੱਤਵ ਰੱਖਦੀ ਹੈ। ਪੱਤਝੜ ਤੋਂ ਬਾਅਦ ਬਸੰਤ ਰੁੱਤ ਆਉਂਦੀ ਹੈ ਅਤੇ ਸਾਰੇ ਪਾਸੇ ਖੇੜਾ ਹੀ ਖੇੜਾ ਹੁੰਦਾ ਹੈ। ਗੁਰੂ ਸਾਹਿਬਾਨ ਨੇ ਇਹ ਤਿਉਹਾਰ ਸਿਮਰਨ, ਸਤਿਸੰਗ ਤੇ ਸੇਵਾ ਵਿਚ ਜੁੜ ਕੇ ਮਨਾਉਣ ਦਾ ਉਪਦੇਸ਼ ਦਿੱਤਾ ਹੈ:

**ਨਾਨਕ ਤਿਨਾ ਬਸੰਤੁ ਹੈ ਜਿਨ੍ ਘਰਿ ਵਸਿਆ ਕੰਤੁ॥**
**ਜਿਨ ਕੇ ਕੰਤ ਦਿਸਾਪੁਰੀ ਸੇ ਅਹਿਨਿਸਿ ਫਿਰਹਿ ਜਲੰਤ॥**

*(ਪੰਨਾ ੭੯੧)*

ਗੁਰੂ ਸਾਹਿਬ ਦੀ ਮਾਨਵ-ਸਮਾਜ ਨੂੰ ਵੱਡਮੁਲੀ ਦੇਣ ਹੀ ਇਹ ਹੈ ਕਿ ਉਨ੍ਹਾਂ ਨੇ ਮਨੁੱਖੀ ਜੀਵਨ ਨੂੰ ਹਰ ਪੱਖ ਤੋਂ ਸੰਪੂਰਨ, ਸਿਖਿਆਦਾਇਕ ਤੇ ਉਸਾਰੂ ਬਨਾਉਣ ਦੀ ਪ੍ਰੇਰਨਾ ਦਿੱਤੀ ਹੈ। ਏਸੇ ਲਈ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਗੁਰਬਾਣੀ ਵਿਚ ਪਰਮਾਰਥ ਦੇ ਮਾਰਗ ਦੀ ਅਨੰਦਮਈ ਹੋਲੀ ਖੇਡਣ ਦੀ ਇਸ ਤਰ੍ਹਾਂ ਪ੍ਰੇਰਨਾ ਕੀਤੀ ਹੈ:

**ਗੁਰੁ ਸੇਵਉ ਕਰਿ ਨਮਸਕਾਰ॥**
**ਆਜੁ ਹਮਾਰੈ ਮੰਗਲਚਾਰ॥**

**ਆਜੁ ਹਮਾਰੈ ਮਹਾ ਅਨੰਦ॥**
**ਚਿੰਤ ਲਥੀ ਭੇਟੇ ਗੋਬਿੰਦ ॥੧॥**
**ਆਜੁ ਹਮਾਰੈ ਗ੍ਰਿਹਿ ਬਸੰਤ॥**
**ਗੁਨ ਗਾਏ ਪ੍ਰਭ ਤੁਮ੍ ਬੇਅੰਤ ॥੧॥ਰਹਾਉ॥**
**ਆਜੁ ਹਮਾਰੈ ਬਨੇ ਫਾਗ॥**
**ਪ੍ਰਭ ਸੰਗੀ ਮਿਲਿ ਖੇਲਨ ਲਾਗ॥**
**ਹੋਲੀ ਕੀਨੀ ਸੰਤ ਸੇਵ॥**
**ਰੰਗੁ ਲਾਗਾ ਅਤਿ ਲਾਲ ਦੇਵ ॥੨॥**

*(ਪੰਨਾ ੧੧੮੦)*

ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਚਲਾਇਆ ਹੋਲਾ ਮਹੱਲਾ ਸ਼ਕਤੀ ਨੂੰ ਪ੍ਰਗਟ ਕਰਨ ਅਤੇ ਅਣਖ ਦੇ ਅਨੁਭਵ ਦਾ ਅਨੋਖਾ ਢੰਗ ਹੈ। ਇਹ ਖਾਲਸਾ ਪੰਥ ਲਈ ਸਵੈਮਾਨ, ਖਾਲਸੇ ਦੇ ਬੋਲ-ਬਾਲੇ ਅਤੇ ਚੜ੍ਹਦੀ ਕਲਾ ਦਾ ਪ੍ਰਤੀਕ ਹੈ। ਹੋਲਾ ਮਹੱਲਾ ਸਿੱਖਾਂ ਨੂੰ ਹਰ ਸਾਲ ਦ੍ਰਿੜ੍ਹ ਵਿਸ਼ਵਾਸੀ, ਪ੍ਰਭੂ-ਭਗਤੀ ਤੇ ਉੱਚੇ-ਸੁੱਚੇ ਮਨੁੱਖੀ ਆਦਰਸ਼ਾਂ, ਜ਼ੁਲਮ, ਜਬਰ, ਨਾਸਤਿਕਤਾ ਤੇ ਭ੍ਰਿਸ਼ਟਾਚਾਰ ਵਿਰੁੱਧ ਜੂਝਣ ਲਈ ਨਵਾਂ ਜੋਸ਼ ਤੇ ਉਤਸ਼ਾਹ ਪ੍ਰਦਾਨ ਕਰਦਾ ਹੈ। ਇਹ ਪਵਿੱਤਰ ਤਿਉਹਾਰ ਸਾਨੂੰ ਪ੍ਰੇਰਨਾ ਦਿੰਦਾ ਹੈ ਕਿ ਹੱਕ ਮੰਗਿਆਂ ਪ੍ਰਾਪਤ ਨਹੀਂ ਹੁੰਦੇ ਸਗੋਂ ਸ਼ਕਤੀ ਤੇ ਜ਼ੋਰ ਨਾਲ ਹੀ ਪ੍ਰਾਪਤ ਕੀਤੇ ਜਾ ਸਕਦੇ ਹਨ:

**ਰਾਜ ਕਿਸੇ ਕੋ ਕੋਇ ਨ ਦੈ ਹੈਂ।**
**ਜੋ ਲੈ ਹੈ ਨਿਜ ਬਲ ਸੋਂ ਲੈ ਹੈਂ।**

*(ਪੰਥ ਪ੍ਰਕਾਸ਼)*

ਹਰ ਸਾਲ ਲੱਖਾਂ ਦੀ ਗਿਣਤੀ ਵਿਚ ਸਿੱਖ ਸੰਗਤਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਪਾਵਨ ਛੋਹ ਧਰਤੀ ਸ੍ਰੀ ਅਨੰਦਪੁਰ ਸਾਹਿਬ, ਸ੍ਰੀ ਪਾਉਂਟਾ ਸਾਹਿਬ ਤੇ ਸ੍ਰੀ ਹਜ਼ੂਰ ਸਾਹਿਬ ਨੰਦੇੜ ਵਿਖੇ ਪੁੱਜ ਕੇ ਬੜੇ ਉਤਸ਼ਾਹ ਤੇ ਜੋਸ਼ ਨਾਲ ਇਹ ਪਵਿੱਤਰ ਤਿਉਹਾਰ ਮਨਾਉਂਦੀਆਂ ਹਨ। ਭਾਰੀ ਦੀਵਾਨ ਸਜਦੇ ਹਨ, ਨਿਹੰਗ ਸਿੰਘਾਂ ਦੇ ਜਥੇ ਤੇ ਖਾਲਸਾ ਪੰਥ ਦੀ ਫ਼ੌਜ ਦੇ ਹੋਰ ਦਸਤੇ ਰਲ-ਮਿਲ ਕੇ ਨਗਰ ਕੀਰਤਨ ਸਜਾਉਂਦੇ ਹਨ। ਘੋੜ ਸਵਾਰੀ ਤੇ ਗਤਕੇਬਾਜ਼ੀ ਦੇ ਜੰਗਜੂ ਕਰਤੱਵ ਦੇਖਣਯੋਗ ਹੁੰਦੇ ਹਨ। ਇਸ ਦੀ ਅਲੌਕਿਕ ਮਹਿਮਾ ਦਾ ਵਰਣਨ ਕੇਵਲ ਕਥਨ ਕਰਨ ਨਾਲ ਹੀ ਨਹੀਂ ਸਗੋਂ ਅੱਖੀਂ ਦੇਖਣ ਨਾਲ ਪਤਾ ਲਗਦਾ ਹੈ। ਖਾਲਸਾ ਪੰਥ ਹੋਲੀ ਨਹੀਂ, ਹੋਲਾ ਖੇਡਦਾ ਹੈ ਅਤੇ ਮਹੱਲਾ ਕਢਦਾ ਹੈ। ਕਵੀ ਸੁਮੇਰ ਸਿੰਘ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਆਦੇਸ਼ਾਂ ਨੂੰ ਇਸ ਤਰ੍ਹਾਂ ਲਿਖਦੇ ਹਨ:

**ਔਰਨ ਕੀ ਹੋਲੀ ਮਮ ਹੋਲਾ।**
**ਕਹਯੋ ਕ੍ਰਿਪਾਨਿਧ ਬਚਨ ਅਮੋਲਾ।**

ਅਜੋਕੇ ਸਮੇਂ ਵਿਚ ਨਵੀਂ ਪੀੜ੍ਹੀ ਸ਼ਾਨਾਂਮੱਤੇ ਸਿੱਖ ਇਤਿਹਾਸ, ਗੌਰਵਮਈ ਵਿਰਸੇ, ਜੰਗਾਂ-ਯੁੱਧਾਂ ਵਿਚ ਸ਼ਕਤੀ ਦੇ ਪ੍ਰਦਰਸ਼ਨ ਤੇ ਬੀਰ-ਰਸੀ ਰਵਾਇਤਾਂ ਨੂੰ ਭੁੱਲਦੀ ਜਾ ਰਹੀ ਹੈ ਅਤੇ ਸ਼ਸਤਰਾਂ ਪ੍ਰਤੀ ਪਿਆਰ ਵੀ ਘਟਦਾ ਜਾ ਰਿਹਾ ਹੈ। ਆਪਣੇ ਵਿਰਸੇ ਪ੍ਰਤੀ ਜਾਗਰੂਕ ਕਰਨ ਲਈ ਖਾਲਸਾ ਪੰਥ ਦੀ ਨਿਆਰੀ ਹੋਂਦ ਨੂੰ ਦਰਸਾਉਂਦਾ ਇਹ ਕੌਮੀ ਤਿਉਹਾਰ ਪ੍ਰੇਰਨਾ ਸਰੋਤ ਹੈ। ਆਓ! ਇਸ ਪਵਿੱਤਰ ਤਿਉਹਾਰ ਨੂੰ ਮਨਾਉਂਦੇ ਹੋਏ ਆਪਣੇ ਗੌਰਵਮਈ ਵਿਰਸੇ ਅਤੇ ਜੁਝਾਰੂ ਬਿਰਤੀ ਦੀ ਸ਼ਕਤੀ ਨਾਲ ਨਸ਼ਿਆਂ ਤੇ ਪਤਿੱਤਪੁਣੇ ਵਿਰੁੱਧ ਜੂਝੀਏ। ਸਿੱਖੀ ਦੇ ਪ੍ਰਚਾਰ ਤੇ ਪ੍ਰਸਾਰ ਦੀ ਲਹਿਰ ਨੂੰ ਪ੍ਰਚੰਡ ਕਰਨ ਦਾ ਪ੍ਰਣ ਲਈਏ ਅਤੇ ਖੰਡੇ-ਬਾਟੇ ਦੀ ਪਾਹੁਲ ਛਕ ਸਰਬੰਸਦਾਨੀ ਦਸਮੇਸ਼ ਪਿਤਾ ਦੇ ਸਪੁੱਤਰ ਬਣੀਏ। ■

# ਖ਼ਾਲਸੇ ਦਾ ਹੋਲਾ

*-ਪ੍ਰੋ. ਪਿਆਰਾ ਸਿੰਘ ਪਦਮ (ਗੁਰਪੁਰਵਾਸੀ)*

ਗੁਰੂ ਕਾ ਸਿੱਖ, ਕਰਤਾ ਪੁਰਖ ਦਾ ਪੁਜਾਰੀ ਤੇ ਉਸ ਕਾਦਰ ਦੀ ਕੁਦਰਤ ਤੋਂ ਸਦਾ ਬਲਿਹਾਰੀ ਜਾਣ ਵਾਲਾ ਹੈ। ਇਹ ਰੁੱਤਾਂ ਤੇ ਤਿਉਹਾਰਾਂ ਨੂੰ ਬੜੇ ਚਾਅ-ਮਲ੍ਹਾਰ ਤੇ ਪ੍ਰੇਮ-ਪਿਆਰ ਨਾਲ ਮਨਾ ਕੇ ਖੁਸ਼ ਹੈ। ਭਾਵੇਂ ਇਹ ਪੁਰਾਣੀਆਂ ਰੀਤਾਂ-ਰਸਮਾਂ ਤੋਂ ਤਾਂ ਆਜ਼ਾਦ ਹੀ ਹੈ, ਲੇਕਿਨ ਹਰ ਤਿਉਹਾਰ ਨੂੰ ਆਪਣੇ ਰੰਗ-ਢੰਗ ਨਾਲ ਮਨਾ ਕੇ ਇਕ ਵੱਖਰਾ ਸੁਆਦ ਲੈਂਦਾ ਆਇਆ ਹੈ। ਵਿਸਾਖੀ, ਦੀਵਾਲੀ, ਬਸੰਤ ਤੇ ਹੋਲੀ (ਹੋਲਾ) ਇਸ ਦੀ ਜੀਵਨ-ਯਾਤਰਾ ਦੇ ਮਨਭਾਉਂਦੇ ਚਾਰ ਪੜਾਉ ਹਨ, ਜਿਨ੍ਹਾਂ 'ਤੇ ਇਹ ਬਿਸਰਾਮ ਪਾਉਂਦਾ ਤੇ ਆਪਣੀ ਰੂਹ ਨੂੰ ਤ੍ਰਿਪਤਾਉਂਦਾ ਹੋਇਆ ਲੋਕਾਂ ਨੂੰ ਸਮਝਾਉਂਦਾ ਹੈ ਕਿ ਇਹ ਕੰਚਨ-ਕਾਇਆ ਭਗੌੜੇ ਹੋ ਕੇ ਜੰਗਲ ਮੱਲਣ, ਸੁਆਹ ਮਲਣ ਜਾਂ ਭੁੱਖੇ ਰਹਿ ਕੇ ਤਸੀਹੇ ਝੱਲਣ ਲਈ ਨਹੀਂ ਮਿਲੀ, ਇਹ ਤਾਂ ਕਰਮਯੋਗ ਦਾ ਖੇਤਰ ਹੈ। ਉੱਦਮੀ ਬਣ ਕੇ ਹੀ "ਨਾਨਕ ਭਗਤਾ ਸਦਾ ਵਿਗਾਸੁ" ਵਾਲੀ ਹਾਲਤ ਬਣਦੀ ਹੈ। ਮੰਗ ਕੇ ਖਾਣ ਨਾਲ ਤਾਂ ਮਨੁੱਖੀ ਮਾਣ-ਸਨਮਾਨ ਤੇ ਅਣਖ-ਆਨ ਦਾ ਸਿੱਧਾ ਘਾਣ ਹੀ ਹੁੰਦਾ ਹੈ।

ਵਿਸਾਖੀ, ਪੰਜਾਬ ਦਾ ਪ੍ਰਸਿੱਧ ਤਿਉਹਾਰ ਹੈ ਜਦੋਂ ਕਿ ਕਣਕਾਂ ਦੀ ਆਮਦ ਨਾਲ ਕਿਸਾਨ ਦਾ ਅੰਨ-ਭੰਡਾਰ ਭਰਪੂਰ ਹੁੰਦਾ ਹੈ ਤੇ ਉਹ ਗਿੱਧੇ, ਭੰਗੜੇ ਰਾਹੀਂ ਖੁਸ਼ੀ ਨੂੰ ਜ਼ੋਰ-ਸ਼ੋਰ ਨਾਲ ਮਨਾਉਂਦਾ ਹੈ। ਸਾਡੇ ਗੁਰੂ ਸਾਹਿਬਾਨ ਪਹਿਲਾਂ ਤੋਂ ਹੀ ਇਸ ਦੇ ਅਲੰਬਰਦਾਰ ਰਹੇ ਅਤੇ ਇਸੇ ਤਿਉਹਾਰ ਦੀ ਰੌਣਕ ਵਿਚ ਹੀ ਖ਼ਾਲਸਾ ਪੰਥ ਦੀ ਸਿਰਜਣਾ ਦਾ ਅਨੋਖਾ ਇਨਕਲਾਬੀ ਸੰਸਕਾਰ ਹੋਇਆ।

ਫਿਰ ਦੀਵਾਲੀ ਦਾ ਤਿਉਹਾਰ ਆ ਜਾਂਦਾ ਹੈ ਜੋ ਗਰਮੀ ਦੇ ਖਾਤਮੇ ਬਾਅਦ ਗੁਲਾਬੀ ਸਰਦੀ ਦਾ ਉਦਘਾਟਨ ਕਰਦਾ ਤੇ ਅੰਧੇਰੀਆਂ ਰਾਤਾਂ ਵਿਚ ਦੀਵੇ ਜਗਾ ਕੇ (ਦੀਵਾਲੀ ਦੀ ਰਾਤ ਦੀਵੇ ਬਾਲੀਅਨਿ) ਜ਼ਿੰਦਗੀ ਦਾ ਰੌਸ਼ਨ ਰਾਹ ਦਰਸਾਉਂਦਾ ਹੈ। ਸਿੱਖ, ਪ੍ਰਕਾਸ਼ ਦਾ ਪ੍ਰੀਤਵਾਨ ਤੇ ਚਾਨਣ ਦਾ ਚਾਖਾ ਹੈ, ਕਿਉਂਕਿ ਗੁਰੂ ਬਾਬਾ ਸਮਝਾ ਗਿਆ ਹੈ:

**ਕਰਿ ਚਾਨਣੁ ਸਾਹਿਬ ਤਉ ਮਿਲੈ॥** *(ਪੰਨਾ ੨੫)*

ਸਿਆਲਾਂ ਦੀ ਸਰਦੀ ਬਾਅਦ ਫਿਰ ਬਹਾਰ ਦਾ ਮੌਸਮ ਆ ਜਾਂਦਾ ਤੇ ਮਨੁੱਖ ਕੁਦਰਤ ਨੂੰ ਵਿਗਸਦਾ ਤੱਕ ਕੇ ਆਪਣੇ ਵਿਕਾਸ ਦਾ ਵੀ ਧਰਵਾਸ ਬੰਨ੍ਹਦਾ ਹੈ। ਫੁੱਲਾਂ ਦਾ ਖੇੜਾ ਜਦੋਂ ਸਾਡਾ ਵਿਹੜਾ ਖ਼ੁਸ਼ਬੂਆਂ ਤੇ ਟਹਿਕ-ਮਹਿਕ ਨਾਲ ਭਰਦਾ ਹੈ ਤਾਂ ਅਸੀਂ ਇਕ ਦੂਜੇ ਨੂੰ ਮੁਬਾਰਕਾਂ ਦਿੰਦੇ ਹਾਂ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਬਚਨ, ਬਹਾਰ ਬਸੰਤ ਦੀਆਂ ਵਧਾਈਆਂ ਨਾਲ ਭਰੇ ਪਏ ਹਨ। ਉਹ ਸਾਨੂੰ ਉਤਸ਼ਾਹ ਦਿੰਦੇ ਫ਼ੁਰਮਾਉਂਦੇ ਹਨ:

**ਮਾਹਾ ਮਾਹ ਮੁਮਾਰਖੀ ਚੜਿਆ ਸਦਾ ਬਸੰਤੁ॥**
**ਪਰਫੜੁ ਚਿਤ ਸਮਾਲਿ ਸੋਇ ਸਦਾ ਸਦਾ ਗੋਬਿੰਦੁ॥** *(ਪੰਨਾ ੧੧੬੮)*

ਇਨ੍ਹਾਂ ਲਪਟਾਂ ਵਿਚ ਲਟਬੌਰੇ ਹੋਏ ਭਗਤ ਕਬੀਰ ਜੀ ਇਉਂ ਗੁਣਗੁਣਾਉਂਦੇ ਸੁਣੀਂਦੇ ਹਨ:

**ਮਉਲੀ ਧਰਤੀ ਮਉਲਿਆ ਅਕਾਸੁ॥**
**ਘਟਿ ਘਟਿ ਮਉਲਿਆ ਆਤਮ ਪ੍ਰਗਾਸੁ॥**
**ਰਾਜਾ ਰਾਮੁ ਮਉਲਿਆ ਅਨਤ ਭਾਇ॥**
**ਜਹ ਦੇਖਉ ਤਹ ਰਹਿਆ ਸਮਾਇ॥** *(ਪੰਨਾ ੧੧੯੩)*

ਗੁਰੂ ਕਾ ਸਿੱਖ 'ਦੁਨੀ ਸੁਹਾਵਾ ਬਾਗ' ਮੰਨ ਕੇ ਇਹ ਵੀ ਭਰੋਸਾ ਰੱਖਦਾ ਹੈ ਕਿ 'ਇਹੁ ਜਗੁ ਵਾੜੀ ਮੇਰਾ ਪ੍ਰਭੁ ਮਾਲੀ।' ਉਹ ਇਸ ਦਾ ਬਾਗਬਾਨ ਹੈ ਤੇ ਮੈਂ ਸੇਵਕ ਹੋਣ ਦੇ ਨਾਤੇ ਇਸ ਬਗ਼ੀਚੇ ਨੂੰ ਪ੍ਰਫੁੱਲਤ ਰੱਖਣ ਲਈ ਤਨੋਂ-ਮਨੋਂ ਉਦਮ ਕਰਨਾ ਹੈ। ਭਾਈ ਨੰਦ ਲਾਲ ਜੀ ਨੇ ਇਹੋ ਸੰਦੇਸ਼ਾ ਦਿੱਤਾ ਹੈ ਕਿ ਸਾਵਧਾਨ ਹੋਵੋ ਕਿਉਂਕਿ ਬਹਾਰ ਤਾਂ ਆ ਹੀ ਗਈ, ਨਾਲ ਸਾਡਾ ਮਹਿਰਮ ਯਾਰ ਵੀ ਦੀਦਾਰ ਦੇ ਰਿਹਾ ਹੈ, ਹੁਣ ਸਾਨੂੰ ਪੂਰੀ-ਪੂਰੀ ਸੰਤੁਸ਼ਟਤਾ ਹੈ:

**ਬਹੋਸ਼ ਬਾਸ਼ ਕਿ ਹੰਗਾਮਏ ਨੌ ਬਹਾਰ ਆਮਦ।**
**ਬਹਾਰ ਆਮਦੋ, ਯਾਰ ਆਮਦ, ਕਰਾਰ ਆਮਦ।** *(ਦੀਵਾਨਿ ਗੋਯਾ)*

ਇਹ ਬਹਾਰ ਦੀ ਆਮਦ ਖੈਰ-ਹੱਥੀਂ ਨਹੀਂ ਹੁੰਦੀ। ਹਰੀ-ਭਰੀ ਧਰਤੀ ਅਤੇ ਰੰਗੀਨ ਆਲਾ-ਦੁਆਲਾ ਤੱਕ ਕੇ ਮਨੁੱਖ ਦਾ ਮਨ ਰੰਗਾਂ ਦੀ ਪਿਚਕਾਰੀ ਲੈ ਕੇ ਆਪਣੀ ਸਾਰੀ ਦੁਨੀਆਂ ਨੂੰ ਰੰਗਾਂ ਦੇ ਸਾਗਰ ਵਿਚ ਡੁਬੋਣ ਲਈ ਕਾਹਲਾ ਪੈ ਜਾਂਦਾ ਤੇ ਹੋਲੀ ਦਾ ਆਗਮਨ ਉਸ ਨੂੰ ਸਰਸ਼ਾਰ ਕਰਦਾ ਜਾਂਦਾ ਹੈ। ਸੰਤ-ਭਗਤ ਆਪਣੇ ਢੰਗ ਨਾਲ ਇਸ ਨੂੰ ਨਮਸਕਾਰ ਕਰਦੇ ਹਨ:

**ਹੋਲੀ ਕੀਨੀ ਸੰਤ ਸੇਵ॥ ਰੰਗੁ ਲਾਗਾ ਅਤਿ ਲਾਲ ਦੇਵ॥** *(ਪੰਨਾ ੧੧੮੦)*

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਦੇਸ਼ ਭਰ ਵਿਚ ਇਨ੍ਹਾਂ ਰੰਗਾਂ ਦੀ ਟੋਕਾ-ਟਾਕੀ ਦੇਖੀ ਤੇ ਨਾਲ ਹੀ ਗ਼ੁਲਾਮ ਮਨੁੱਖਤਾ ਦੀ ਤਰਸਯੋਗ ਝਾਕੀ ਵੀ ਧਿਆਨ ਵਿਚ ਲਿਆਂਦੀ। ਉਨ੍ਹਾਂ ਕਿਹਾ, "ਹੁਣ ਇਸ ਰੰਗੀਨ ਝਾਕੀ ਨੂੰ ਹੋਲੀ ਦਾ ਹੋਲਾ ਕਰੋ ਤਾਂ ਕਿ ਖ਼ਾਲਸਾ ਪੰਥ, ਬਲਵਾਨਗੀ ਦਾ ਪ੍ਰਦਰਸ਼ਨ ਕਰੇ, ਦੇਸ਼-ਕੌਮ ਨੂੰ ਇਸ ਦੀ ਲੋੜ ਹੈ।" ਇਹ ਗੱਲ ਚੇਤ ਵਦੀ ਏਕਮ ੧੭੫੭ ਬਿਕ੍ਰਮੀ ਦੀ ਹੈ, ਜਿਸ ਦਿਨ ਸ੍ਰੀ ਅਨੰਦਪੁਰ ਸਾਹਿਬ ਵਿਖੇ ਸਤਿਗੁਰਾਂ ਨੇ ਯੋਧੇ ਸੂਰਬੀਰਾਂ ਦੀਆਂ ਦੋ ਟੋਲੀਆਂ ਬਣਾ ਕੇ ਮਸਨੂਈ ਲੜਾਈ ਕਰਵਾਈ ਤੇ ਹੋਲਗੜ੍ਹ ਉੱਤੇ ਕਬਜ਼ਾ ਕਰਨ ਦੀ ਸ਼ਰਤ ਲਾਈ। ਇਨ੍ਹਾਂ ਵਿੱਚੋਂ ਜੋ ਦਲ ਹੱਲਾ ਕਰ ਕੇ ਦੂਜਿਆਂ ਨੂੰ ਪਰ੍ਹੇ ਹਟਾ ਕੇ ਗੜ੍ਹੀ 'ਤੇ ਜਾ ਬਿਰਾਜਮਾਨ ਹੋਇਆ, ਉਹ ਜੇਤੂ ਕਰਾਰ ਦਿੱਤਾ ਗਿਆ ਤੇ ਉਸ ਨੂੰ ਹੋਲੇ ਮਹੱਲੇ ਦਾ ਅੱਵਲ ਇਨਾਮ ਮਿਲਿਆ।

'ਮਹੱਲੇ' ਦਾ ਅਰਥ ਹੀ ਵਿਜਈ ਹੋ ਕੇ ਉਤਰਨਾ ਹੈ। ਇਉਂ ਗੁਰੂ ਸਾਹਿਬ ਨੇ ਇਸ ਨਾਜ਼ੁਕ ਰੰਗੀਨ ਤਿਉਹਾਰ ਨੂੰ ਯੋਧਿਆਂ-ਵਰਿਆਮਾਂ ਦਾ ਤਿਉਹਾਰ ਬਣਾ ਕੇ ਖ਼ਾਲਸਾ ਪੰਥ ਨੂੰ ਤਿਆਰ-ਬਰ-ਤਿਆਰ ਕੀਤਾ। ਇਹ ਉਨ੍ਹਾਂ ਦੀ ਕ੍ਰਾਂਤੀਕਾਰੀ ਸੋਚ ਦਾ ਕ੍ਰਿਸ਼ਮਾ ਸੀ, ਜਿਸ ਦੁਆਰਾ ਉਨ੍ਹਾਂ ਇਕ ਪੁਰਾਣੀ ਹਾਰੀ-ਹੁੱਟੀ ਪਲੀਤ ਰੀਤ ਨੂੰ ਪੁਨੀਤ ਅਤੇ ਜਗਤ-ਜੀਤ ਬਣਾ ਕੇ ਦੇਸ ਨੂੰ ਇਨਕਲਾਬ ਦੇ ਰਾਹ ਤੋਰਿਆ। ਕਵੀਆਂ ਇਸ ਦੇ ਗੁਣ ਗਾਏ। ਖ਼ਾਸ ਕਰਕੇ ਨਿਰਮਲੇ ਵਿਦਵਾਨ ਸੰਤ ਨਿਹਾਲ ਸਿੰਘ ਬੁੰਗਾ ਸੋਹਲਾਂ (ਦੇਹਾਂਤ : ਸੰਨ ੧੮੭੬) ਤੇ ਪੰ. ਨਿਹਾਲ ਸਿੰਘ ਲਾਹੌਰੀ (ਦੇਹਾਂਤ : ਸੰਨ ੧੮੯੯) ਨੇ ਜੋ ਹੋਲੇ ਮਹੱਲੇ ਦੀ ਉਪਮਾ ਦੇ ਛੰਦ ਰਚੇ, ਉਹ ਇਸ ਤਰ੍ਹਾਂ ਹਨ-

**(੧) ਸੰਤ ਨਿਹਾਲ ਸਿੰਘ ਸੋਹਲਾਂ:**

ਕੀਜੈਂਗੇ ਬਿਬਿਧ ਰਾਗ ਰੰਗ ਕੇ ਬਿਲਾਸ ਹਾਸ, ਕੇਸਰ ਗੁਲਾਬ ਔ ਗੁਲਾਬ ਕੌ ਉਛਾਵੈਂਗੇ।
ਰਾਧਿਕਾ ਰਮਨ ਕੋ ਪ੍ਰਸੰਗ ਲਯਾਇ ਰਾਗੀ ਸਿੰਘ, ਰਾਗਨ ਮੈਂ ਸਾਜਨ ਮੈਂ ਭੜੂਆ ਸੁਨਾਵੈਂਗੇ।
ਸੇਵਕ ਨਿਹਾਲ ਸਿੰਘ, ਸਭਨੋਂ ਨੇ ਸੁਨਯੋ ਆਛੇ, ਮੀਤਨ ਕੀ ਗਾਲ ਪੈ ਗੁਲਾਲ ਮੀਤ ਲਾਵੈਂਗੇ।
ਸ੍ਰੀ ਗੁਰ ਆਨੰਦ ਰੂਪ ਕਹਯੋ ਸ੍ਰੀ ਅਨੰਦਪੁਰ, ਸੁਨੋ ਖ਼ਾਲਸਾ ਜੀ! ਹੋਲਾ ਕਾਲ ਹੀ ਮਚਾਵੈਂਗੇ।੫।
ਨੱਚੈਗਾ ਜੁ ਮਨ ਰੂਪੀ ਭੂਤਨਾ ਹੈ ਚੰਚਲ ਜੋ, ਇੰਦ੍ਰੀਆਂ ਕੇ ਸਾਥ ਮਿਲਯੋ ਲੋਲਪੱਤਾ ਰਚੈਗਾ।
ਉਡੈਗਾ ਅੰਬੀਰ ਆਛੋ ਅਲਤਾ ਦੀਵਾਨ ਪਰ, ਗਹਿ ਕੈ ਭਿਗੋਵੈਂ ਗੇ, ਨ ਭਾਜ ਕੋਊ ਬਚੈਗਾ।
ਸੰਤ ਖੁਸ਼ੀ ਮ੍ਰਿਗਰਾਜ ਹੋਇਗੋ ਅਨੰਦ ਬਡੋ, ਨਰ ਔਰ ਨਾਰੀਓਂ ਕਾ ਚਿਤ ਲੱਲਚੈਗਾ।
ਬੈਠੇ ਹੈਂ ਅਨੰਦਪੁਰ ਕਹਯੋ ਸ੍ਰੀ ਗੁਬਿੰਦ ਸਿੰਘ, ਸੁਨਹੁ ਪੁੱਤ੍ਰ ਖ਼ਾਲਸਾ ਜੀ! ਹੋਲਾ ਕਾਲ ਮਚੈਗਾ।੬।

ਬੈਠੇ ਏਕ ਓਰ ਮਹਾਰਾਜੈ ਸ੍ਰੀ ਗੁਬਿੰਦ ਸਿੰਘ, ਸਿੰਘ ਆਸਪਾਸ ਸਜਯੋ ਪਾਤਸ਼ਾਹ ਸੱਚਯੋ ਹੈ।
ਏਕ ਓਰ ਕੇਵਲ ਹਠੀਲੇ ਜਪੀ ਤਪੀ ਸਿੰਘ, ਗੁਰੂ ਮੁਖ ਦ੍ਵਾਰ ਜਿਨੋਂ ਨਾਮ ਸੁਧਾ ਅਚਯੋ ਹੈ।
ਏਕ ਓਰ ਰਾਗੀ ਸਿੰਘ ਸ਼ਬਦ ਰਹੇ ਹੈਂ ਪਢ, ਸੰਤ ਖੁਸ਼ੀ ਮ੍ਰਿਗਰਾਜ ਮਨੂਆ ਲੱਲਚਯੋ ਹੈ।
ਏਕ ਓਰ ਵਾਰੋ ਵਾਰੀ ਪਢਤ ਕਵੀਸ਼ਰ ਹੈਂ, ਸ੍ਰੀ ਗੁਰ ਹਜ਼ੂਰ ਐਸੋ ਹੋਲਾ ਤਬੈ ਮਚਯੋ ਹੈ।੭।
ਚਾਰੋਂ ਕੁੰਟ ਆਵੈਂ ਮਹਾਰਾਜ ਜੀ ਹਜ਼ੂਰ ਤੇਰੇ, ਵਾਹਿਗੁਰੂ ਜੀ ਕੀ ਫਤੇ ਬੋਲੈਂ ਸ਼ੁਭ ਬੋਲਾ ਹੈ।
ਪਰਮ ਪ੍ਰਸਿੱਧ ਪਾਰਬ੍ਰਹਿਮ ਗੁਰ ਪੂਰਨ ਹੋ, ਨਾਮ ਦਾਨ ਦੇ ਕੈ ਦ੍ਵਾਰ ਮੁਕਤਿ ਕੋ ਖੋਲ੍ਹਾ ਹੈ।
ਸ਼ਰਨਿ ਤੁਮ੍ਹਾਰੀ ਆਏ ਸੇਵਕ ਨਿਹਾਲ ਸਿੰਘ, ਰਾਵਰੋ ਸੁਜਸ ਅਤਿ ਅਗਮ ਅਤੋਲਾ ਹੈ।
ਏਕ ਮਨ ਹੋਇਕੈ ਉਚਾਰੋ ਤੁਮ ਖ਼ਾਲਸਾ ਜੀ !, ਸ੍ਰੀ ਗੁਰ ਗੋਬਿੰਦ ਸਿੰਘ ਸਾਹਿਬ ਕੋ ਹੋਲਾ ਹੈ।੮।
ਕਲਿਯੁਗ ਮੈਂ ਕਾਮ ਕ੍ਰੋਧਾਦਿਕ ਚਲਾਵੈਂ ਬਾਨ, ਆਨ ਨ ਉਪਾਉ ਨਾਮ ਚਰਮ ਕੋ ਓਲ੍ਹਾ ਹੈ।
ਲੀਨੋ ਜਿਨ ਨਾਹਿ ਤਾਂਹਿ ਅੰਤਕ ਜੋ ਪਟਕਾਵੈ, ਬੁਰੋ ਸੋ ਬਦਨ ਹੋਤ ਕਾਰੋ ਜਿਮ ਕੋਲਾ ਹੈ।
ਉਜਲ ਨਿਹਾਲ ਸਿੰਘ ਹੋਵੈ ਸਤਿਸੰਗ ਕਰੈ, ਬ੍ਰਹਿਮ ਪਦ ਪਾਵੈ ਯਾ ਮੈਂ ਰੰਚ ਹੂੰ ਨ ਰੌਲਾ ਹੈ।
ਨਾਮ ਧਨ ਖੱਟੋ ਪੁੰਜ ਪਾਪਨ ਕੋ ਕੱਟੋ ਰਟੋ। ਸ੍ਰੀ ਗੁਰੂ ਗੁਬਿੰਦ ਸਿੰਘ ਸਾਹਿਬ ਕੋ ਹੋਲਾ ਹੈ।੯।
ਏਕ ਵਰਤਾਵੈਂ ਗਾਵੈਂ ਏਕ ਲੈ ਲੈ ਆਵੈਂ ਸਿੰਘ, ਜਹਾਂ ਜਹਾਂ ਦੇਖੀਐ ਗੁਲਾਲ ਪੁੰਜ ਝੋਲਾ ਹੈ।
ਮਿਲਕੈ ਉਡਾਵੈਂ ਹਰਖਾਵੈਂ ਬਡੀ ਛਬਿ ਪਾਵੈਂ, ਧਯਾਵੈਂ ਸ੍ਰੀ ਗੁਬਿੰਦ ਸਿੰਘ ਨਾਮ ਜੁ ਅਮੋਲਾ ਹੈ।
ਸੰਤ ਖੁਸ਼ੀ ਮ੍ਰਿਗਰਾਜ, ਸ੍ਰੀ ਗੁਰ ਬਿਲੋਕ ਰੀਝੈਂ, ਏਕ ਛਿਰਕਾਵਤ ਗੁਲਾਬ ਜੁ ਅਤੋਲਾ ਹੈ।
ਛੋਰੈਂ ਏਕ ਤਾਕ ਤਾਕ ਕੁਮਕੁਮੇ ਖ਼ੂਬ ਲਾਗੈਂ, ਏਕ ਕਹੈਂ ਬੋਲੋ- ਆਜ ਸ੍ਰੀ ਗੁਰੂ ਕੋ ਹੋਲਾ ਹੈ।੧੦।
ਲਿਆਵੈਂ ਏਕ ਬਾਂਕੇ ਸਿੰਘ ਕੇਸਰ ਗੁਲਾਬ ਘੋਲਿਓ, ਕੇਸੂ ਰੰਗ ਸੰਗ ਹੀ ਗੁਲਾਲ ਜੁ ਅਤੋਲਾ ਹੈ।
ਭੜੂਆ ਕਹਤ ਏਕ, ਲੜੂਆ ਪਰਤ ਏਕ, ਦੋਨੋਂ ਕੌ ਹਸਾਵੈਂ, ਏਕ ਆਨੰਦ ਅਮੋਲਾ ਹੈ।
ਭਰ ਪਿਚਕਾਰੀਆਂ ਨਿਹਾਲ ਸਿੰਘ ਛੋਰੈਂ ਏਕ, ਭੀਜੈਂ, ਨਹਿਂ ਖੀਝੈ ਸਾਟੋ ਲੇਤ ਝਕਝੋਲਾ ਹੈ।
ਰਸਨਾ ਹੈ ਏਕ ਤਹਾਂ ਕੌਤਕ ਅਨੇਕ ਭਏ, ਏਕ ਕਹੈਂ, ਖ਼ਾਲਸਾ ਜੀ ਹੋਲਾ, ਹੋਲਾ, ਹੋਲਾ ਹੈ।੧੧।
ਏਕ ਕਹੈਂ ਸ੍ਰੀ ਗੁਰ ਕੀ ਮਹਿਮਾ ਅਨੰਤ ਰੂਪ, ਏਕ ਕਹੈਂ- ਹਰਿ ਗੁਰ ਮੈਂ ਨ ਭੇਦ ਟੋਲਾ ਹੈ।
ਏਕ ਕਹੈਂ ਸ੍ਰੀ ਗੁਰ ਹੈਂ ਦਾਤੇ ਮਨੋ ਕਾਮਨਾ ਕੇ, ਏਕ ਕਹੈਂ ਦੂਰ ਕਰੈਂ, ਕਾਮਨਾ ਕੋ ਰੋਲਾ ਹੈ।
ਸੰਤ ਖੁਸ਼ੀ ਮ੍ਰਿਗਰਾਜ ਏਕ ਕਹੈਂ ਦੀਨ ਦਯਾਲ, ਏਕ ਕਹੈਂ ਗਯਾਨ ਦਾਨ ਦੇਤ ਜੁ ਅਮੋਲਾ ਹੈ।
ਊਚਨ ਤੇ ਊਚੇ ਇਨ ਜੈਸੇ ਇਹੀ ਏਕ ਕਹੈਂ, ਸ੍ਰੀ ਗੁਰ ਗੋਬਿੰਦ ਸਿੰਘ ! ਧੰਨ ਤੇਰੋ ਹੋਲਾ ਹੈ।੧੨।
ਗਾਵੈਂ ਸਿੰਘ ਰਾਗੀ ਵਡਭਾਗੀ ਸਭਾ ਸ਼ੋਭ ਰਹੀ, ਸੁਨ ਸੁਨ ਕਾਨ੍ਹ ਜੂ ਕੀ ਲੀਲਾ ਸਿੰਘ ਝੇਲਤੇ।
ਛਿਰਕੈਂ ਗੁਲਾਬ ਕਈ ਫੈਂਕਤ ਗੁਲਾਲ ਲਾਲ, ਪ੍ਰੇਮ ਪ੍ਰੀਤਿ ਰਾਤੇ ਕਈ ਕੁਮ ਕੁਮੇ ਚੇਲਤੇ।
ਸੰਤ ਖੁਸ਼ੀ ਮ੍ਰਿਗਰਾਜ ਬਾਂਟਤ ਅਤਰ ਸਿੰਘ, ਹੱਸ ਕੈ ਹਸਾਵੈਂ ਔ ਬਿਲਾਸ ਬਾਨੀ ਮੇਲਤੇ।
ਨਿਰਮਲੇ, ਨਿਹੰਗ, ਗ੍ਰੇਹੀ ਮੱਧ ਸ੍ਰੀ ਗੁਬਿੰਦ ਸਿੰਘ, ਸ੍ਰੀ ਗੁਰ ਹਜ਼ੂਰ ਐਸੋ ਹੋਲਾ ਸਿੰਘ ਖੇਲਤੇ।੧੩।
ਚਢਯੋ ਚਾਰੁ ਚੇਤਨ ਬਸੰਤ ਰਿਦੈ ਸੰਤਨ ਕੇ, ਹ੍ਰਿਦੈ ਕੇ ਹੁਲਾਸ ਬੋਲੈਂ ਸ਼ੁਧ ਬ੍ਰਹਿਮ ਬੋਲਾ ਹੈ।
ਨਿਜਾਨੰਦ ਖੇਲਬੇ ਕੋ ਪ੍ਰੇਮ ਕੇ ਗੁਲਾਬ ਬੀਚ, ਮਹਾਂਵਾਕ ਕੇਸਰੀ ਅਨੂਪ ਰੰਗ ਘੋਲਾ ਹੈ।
ਛਿਰਕਯੋ ਨਿਹਾਲ ਸਿੰਘ ਉਤਮ ਜਗਯਾਸੂੀਓਂ ਪੈ, ਗਯਾਨ ਕੋ ਗੁਲਾਲ ਫੈਂਕਯੋ ਨੀਕੋ ਜੁ ਅਮੋਲਾ ਹੈ।
ਸੁਨੋ ਸਾਧਸੰਗਤਿ ਸਰਬਤ ਅਜ ਖ਼ਾਲਸਾ ਜੀ ! ਜਗਤ ਕੀ ਹੋਲੀ ਔਰ ਸੰਤਨ ਕਾ ਹੋਲਾ ਹੈ।੧੪।
ਫਾਗੁਨ ਮੈਂ ਪਰਮ ਅਨੰਦ ਹੈ ਸੁਹਾਗਨਿ ਕੋ, ਜਾਂਕੇ ਰਿਦੈ ਘਰਿ ਪ੍ਰਭੁ ਕੁੰਤੁ ਜੋ ਅਮੋਲਾ ਹੈ।

ਸ੍ਵਾਮੀ ਗੁਨ ਗਾਵਤੀ ਹੈਂ ਰੀਝ ਕੈ ਰਿਝਾਵਤੀ ਹੈਂ। ਪਾਵਤੀ ਹੈਂ ਨੇਮ ਖੇਮ ਪ੍ਰੇਮ ਜੁ ਅਤੋਲਾ ਹੈ।
ਸੋਈ ਜਗਿ ਜਿੰਦੜੀ ਨਿਹਾਲ ਸਿੰਘ ਉਤਮ ਹੈ, ਸੰਤਨ ਕੋ ਸੰਗ ਕਰੈ ਫੈਂਕੇ ਭੇਦ ਭੋਲਾ ਹੈ।
ਰੌਲਾ ਹੈ ਨ ਰੰਚ ਹੂੰ ਸੁਖੌਲਾ ਭੇਦ ਭਲੀ ਭਾਂਤ, ਮੋਖ ਪਦ ਲਹਹੁ ਕਹੋ ਸ੍ਰੀ ਗੁਰੂ ਕੋ ਹੋਲਾ ਹੈ।੧੫।
ਦੇਖੋ ਜੁ ਕੈਸੇ ਏ ਝੰਡੇ ਜੁ ਝੂਲੇ ਹੈਂ, ਧੌਂਸੇ ਕੀ ਧੁੰਕੇ ਸੇ ਸ਼ੰਭੂ ਭਾ ਭੋਲਾ।
ਜੈਸੀ ਤੋ ਆਭਾ ਹੈ ਰਾਗੀ ਕੇ ਰਾਗੋਂ ਕੀ, ਤੈਸੋ ਹੀ ਮੀਠੋ ਹੈ ਪਯਾਰਯੋਂ ਕੋ ਬੋਲਾ।
ਸਿੰਘੋਂ ਕੀ ਸ਼ੋਭਾ ਹੈ ਵਾਰੀ ਹੋਂ ਘੋਲੀ ਹੋਂ, ਆਛੇ ਹੈਂ ਹੀਏ ਕੋ ਤਾਲਾ ਹੈ ਖੋਲ੍ਹਾ।
ਬਾਂਕੇ ਹੈਂ ਜੋਧੇ ਹੈਂ ਪ੍ਰੇਮੀ ਹੈਂ ਨੇਮੀ ਹੈਂ, ਯਾਂ ਹੀ ਤੇ ਪਯਾਰੇ ਜੂ ਖੇਲ੍ਹੋ ਜੂ ਹੋਲਾ।
ਨੌਕਾ ਕੇ ਸਾਥੀ ਜੁ ਪਯਾਰੇ ਹੈਂ ਪੰਥੀ ਜਯੋਂ, ਵੈਸੇ ਹੀ ਸਾਰੇ ਹੈਂ ਲੋਕੋ ਕੋ ਚੋਲਾ।
ਝੂਠੇ ਹੀ ਨਾਤੇ ਸੇ ਬਾਂਧੇ ਹੈ ਸੂਆ ਜਯੋਂ, ਕਾਹੂੰ ਕੋ ਸ੍ਵਾਮੀ ਹੈ, ਕਾਹੂੰ ਕੋ ਗੋਲਾ।
ਆਛੇ ਔ ਮੰਦੇ ਜੁ ਆਏ ਹੈਂ ਮੂਏ ਸੋ, ਬਾਕੀ ਭੀ ਚਲੈਂਗੇ ਪਾਨੀ ਜਯੋਂ ਓਲਾ।
ਜੀਵੈਗੋ ਜੋਈ ਸੁ ਆਵੈਗੋ ਖੇਲੈਗੋ, ਬੋਲੋ ਜੀ ਹੋਲਾ ਹੈ, ਹੋਲਾ ਹੈ, ਹੋਲਾ।੧੬।

*(ਛਾਪ, ੧੯੦੬)*

**(੨) ਪੰਡਿਤ ਨਿਹਾਲ ਸਿੰਘ ਲਾਹੌਰੀ:**

ਸ੍ਰੀ ਗੁਰ ਗੋਬਿੰਦ ਸਿੰਘ ਮਹਾਰਾਜ ਜੂ ਕੋ ਇਹ, ਲਾਡਲੋ ਛਬੀਲੋ ਪੰਥ ਖ਼ਾਲਸਾ ਅਨੰਤ ਹੈ!
ਵਿਚਾਰ ਕੀ ਸੁ ਮੂਰਤੀ, ਵਿਰਾਜੈ ਚਾਰੁ ਬੀਰ ਰਸ, ਰਾਜਸੀ ਵਿਹਾਰ ਚੀਤ ਸ਼ਾਂਤਕੀ ਲਸੰਤ ਹੈ।
ਔਰ ਜੋਈ ਦੇਖੀਏ ਮਲੇਛਨ ਕੇ ਝੁੰਡ ਭਾਰੇ, ਤਾਂ ਕੋ ਰੰਗ ਭੂਮਿ ਮਹਿ ਛਿਨੇਕ ਮੈਂ ਦਲੰਤ ਹੈਂ।
ਅੰਧਕਾਰ ਟਾਰਬੇ ਕੋ ਦੁੱਜਨ ਕੇ ਮਾਰਬੇ ਕੋ, ਮਾਰਤੰਡ ਸਿੰਘਨ ਕੋ ਨਾਮ ਖਯਾਤਵੰਤ ਹੈ।੫।
ਆਯੋ ਰਿਤੁਰਾਜ ਜੂ ਸੁਹਾਯੋ ਹੈ ਜਹਾਨ ਸਾਰੋ, ਛਾਯੋ ਹੈ ਪ੍ਰਮੋਦ ਦੁਖ ਏਕ ਹੂੰ ਨ ਤੋਲਾ ਹੈ।
ਸੀਤ ਹੂੰ ਨ ਘਾਮ ਤੇਜ, ਚੰਦ੍ਰਿਕਾ ਗੁਲਾਬੀ ਠੰਢ, ਸੀਤਲ ਸੁਗੰਧ ਮੰਦ ਪੌਨ ਕੋ ਝਕੋਲਾ ਹੈ।
ਕੰਜ ਸੇ ਪ੍ਰਫੁਲ ਹੁਏ ਹੀਏ ਜੁ ਪ੍ਰਮਾਨ ਪਯਾਰੀ, ਹੌਸਲੇ ਹੁਲਾਸ ਬੀਚ ਚੀਤ ਤੋ ਕਲੋਲਾ ਹੈ।
ਦੇਵੀ, ਦੇਵ ਸਿੱਧਨ ਕੀ ਲੋਕ ਮੈਂ ਪ੍ਰਸਿੱਧ ਹੋਲੀ, ਸ੍ਰੀ ਗੁਰੂ ਗੋਬਿੰਦ ਸਿੰਘ, ਜੂ ਕੋ ਆਜ ਹੋਲਾ ਹੈ।੬।
ਕੂਕ ਉਠੀ ਕੋਕਿਲਾ ਕਲਾਪੀ ਮੋਰ ਨਾਚ ਉਠੇ, ਕੀਰ ਔ ਕਪੋਤ ਝੁੰਡ ਬ੍ਰੇਹੀ ਕੋ ਵਿਚੋਲਾ ਹੈ।
ਠੌਰ ਠੌਰ ਨੀਰ ਕੇ ਪਯੂਖ ਸੇ ਪ੍ਰਵਾਹ ਪੂਰਾ, ਔਰ ਹੀ ਅਨੂਠੀ ਤੌਰ ਕੁੰਜ ਤੁੰਡ ਖੋਲ੍ਹਾ ਹੈ।
ਭੌਰਨ ਕੀ ਭੀਰ ਭਾਰੀ ਗੂੰਜਤੋ ਪ੍ਰਮੋਦ ਪੁੰਜ, ਝਾਕ ਝੂਰ ਝੂਰ ਕੈ ਵਿਯੋਗੀ ਚੀਤ ਡੋਲਾ ਹੈ।
ਦੇਵੀ ਦੇਵ ਸਿੱਧਨ ਕੀ ਲੋਕ ਮੈਂ ਪ੍ਰਸਿੱਧ ਹੋਲੀ, ਸ੍ਰੀ ਗੁਰੂ ਗੋਬਿੰਦ ਸਿੰਘ, ਜੂ ਕੋ ਆਜ ਹੋਲਾ ਹੈ।੭।...
ਆਂਬਨ ਕੀ ਬੌਰ ਨੇ ਵਿਯੋਗੀ ਬ੍ਰਿੰਦੇ ਬਉਰੇ ਕੀਨੇ, ਫੂਲ ਹੈਂ ਪਲਾਸ ਕੋ ਕਿ ਆਤਸ਼ ਕੋ ਗੋਲਾ ਹੈ।
ਕੇਤਕੀ ਰਵੇਲ ਜੂਹੀ ਚੰਪਕ ਚਬੇਲੀ ਕੁੰਦ, ਕੇਵੜੋ ਗੁਲਾਬ ਕੌ ਹਿਸਾਬ ਤੋ ਅਤੋਲਾ ਹੈ।
ਫੈਲਗੀ ਸੁਗੰਧ ਕੀ ਝਕੋਰ ਤੋਂ ਚਹੂ ਓਰ, ਪੰਥ ਕੇ ਚਲੈਯਾ ਲੌਟ ਗੇਹੁ ਕੋ ਢੰਡੋਲਾ ਹੈ।
ਦੇਵੀ ਦੇਵ ਸਿੱਧਨ ਕੀ ਲੋਕ ਮੈਂ ਪ੍ਰਸਿੱਧ ਹੋਲੀ, ਸ੍ਰੀ ਗੁਰ ਗੋਬਿੰਦ ਸਿੰਘ, ਜੂ ਕੋ ਆਜ ਹੋਲਾ ਹੈ।੯।...
ਪ੍ਰੀਤਿ ਸਿਉਂ ਪ੍ਰਤੀਤ ਸਿਉਂ ਪੂਜ ਕੈ ਸੁ ਗ੍ਰੰਥ ਨਾਥ, ਵੇਦ ਛੀਰ ਸਿੰਧੁ ਜੋਊ ਨੈਨੁ ਸਯੋਂ ਵਿਰੋਲਾ ਹੈ।
ਜਾਸ ਕੇ ਅਧਿਐਨ ਤੇ ਅਲੋਲ ਚੀਤ ਹੋਤ ਬੇਗ, ਭੂਤ ਦੀਪ ਦੀਪ ਸਿਖਾ ਦਾਮਨੀ ਮਮੋਲਾ ਹੈ।
ਬਾਂਟ ਕੈ ਕੜਾਹ ਦੀਨਬੰਧੁ ਕੋ ਪ੍ਰਸਾਦ ਸੁਧਾ, ਸਾਜ ਕੈ ਮਹੱਲਾ, ਫਤੇ ਗਾਜ ਕੈ ਸੁ ਬੋਲਾ ਹੈ।
ਦੇਵੀ ਦੇਵ ਸਿੱਧਨ ਕੀ ਲੋਕ ਮੈਂ ਪ੍ਰਸਿਧ ਹੋਲੀ, ਸ੍ਰੀ ਗੁਰੂ ਗੋਬਿੰਦ ਸਿੰਘ, ਜੂ ਕੋ ਆਜ ਹੋਲਾ ਹੈ।੧੧।

ਸ਼ੋਰ ਮਚਯੋ ਭਾਰੀ ਏਕ ਵਾਰਗੀ ਚਹੁੰਘ ਚਾਰੁ, ਜੇਤੋ ਭੌਨ ਬੀਥਿਕਾ ਬਜ਼ਾਰ ਚੌਕ ਟੋਲਾ ਹੈ।
ਬਾਜੇ ਭਾਂਤ ਭਾਂਤਨ ਕੇ ਬਾਜੇ ਸ੍ਰੀ ਆਨੰਦਪੁਰ, ਸਾਜੇ ਸਾਜ ਗਾਵਤੇ ਧਮਾਰ ਛੰਦ ਢੋਲਾ ਹੈ।
ਛੂਟੈਂ ਪਿਚਕਾਰੀ ਰੰਗ ਹੇਮ ਕੀ ਜਰਾਊ ਲਾਲ, ਜੂਟੈ ਪ੍ਰੇਮ ਮੌਜ ਕੋਸ਼ ਲੂਟੈਂ ਮੋਦ ਚੋਲਾ ਹੈ।
ਦੇਵੀ ਦੇਵ ਸਿੱਧਨ ਕੀ ਲੋਕ ਮੈਂ ਪ੍ਰਸਿਧ ਹੋਲੀ, ਸ੍ਰੀ ਗੁਰੂ ਗੋਬਿੰਦ ਸਿੰਘ, ਜੂ ਕੋ ਆਜ ਹੋਲਾ ਹੈ।੧੨।
ਔਰਨ ਕੀ ਆਰਤੀ ਸੁ ਆਰਤਾ ਅਕਾਲ ਜੂ ਕੋ, ਲੋਕਨ ਕੀ ਬੋਲੀ ਦੀਨਬੰਧੁ ਕੋ ਸੁ ਬੋਲਾ ਹੈ।
ਅੰਬਿਕਾ ਕੜਾਹੀ ਮਹਾਰਾਜ ਕੋ ਕੜਾਹ ਸੁਧਾ, ਚੋਲੀ ਤੋਂ ਬਖਾਨੇ ਬਾਲ, ਸੁਆਮੀ ਜੀ ਕੋ ਚੋਲਾ ਹੈ।
ਝੰਡੀ ਔ ਸਵਾਰੀ ਆਪ ਝੰਡਾ ਜੁ ਸਵਾਰਾ ਨਾਥ, ਝੋਲੀ ਤੋਂ ਤਮਾਮ ਕੀ ਸੁ ਖ਼ਾਲਸੇ ਕੋ ਝੋਲਾ ਹੈ।
ਦੇਵੀ ਦੇਵ ਸਿੱਧਨ ਕੀ ਲੋਕ ਮੈਂ ਪ੍ਰਸਿੱਧ ਹੋਲੀ, ਸ੍ਰੀ ਗੁਰ ਗੋਬਿੰਦ ਸਿੰਘ, ਜੂ ਕੋ ਆਜ ਹੋਲਾ ਹੈ।੧੩।
ਬਰਛਾ ਢਾਲ ਕਟਾਰਾ ਤੇਗਾ ਕੜਛਾ ਦੇਗਾ ਗੋਲਾ ਹੈ।
ਸੁੱਖਾ ਤੋਂ ਮਿਰਚੌਨਾ ਵਾਟਾ ਰੁੱਪਾ ਡਲਾ ਮਸੋਲਾ ਹੈ।
ਛਕਾ ਪ੍ਰਸਾਦ ਸਜਾ ਦਸਤਾਰਾ, ਅਰ ਕ੍ਰਦੌਨਾ ਟੋਲਾ ਹੈ।
ਅਪਰ ਸੁਨਹਿਰਾ ਰਗੜਾ ਲਾਗੈ, ਛੇਕੇ ਸੁ ਬੋਲਾ ਹੋਲਾ ਹੈ।
ਸੁਭਟ ਸੁਚਾਲਾ ਪੁਨ ਲਖਬਾਹਾ ਕਲਗਾ ਸਿੰਘ ਸੁਚੋਲਾ ਹੈ।
ਦਾਲਾ ਪੰਚਮ, ਗਜਾ ਉਗਰਾਹੀ ਚੰਡਾ ਜਗਾ ਮਿਧੋਲਾ ਹੈ।
ਫਿਰਨਾ ਕੂਹੀ ਸੁ ਬਾਜ਼ ਕਛਹਿਰਾ, ਸੋਭ ਸਮੁੰਦ੍ਰ ਗਲੋਲਾ ਹੈ।
ਅਪਰ ਮੁਛਹਿਰਾ ਦਾੜ੍ਹਾ ਜੈਸੇ, ਤੈਸੇ ਬੋਲਾ ਹੋਲਾ ਹੈ।੧੫।

*(ਸਿੱਖੀ ਪ੍ਰਭਾਕਰ, ਛਾਪ: ੧੯੦੨ ਈ.)*

■

## ਪਾਠਕਾਂ ਦੇ ਧਿਆਨ ਯੋਗ

ਆਪ ਜੀ ਦਾ ਹਰਮਨ ਪਿਆਰਾ ਮਾਸਿਕ ਪਰਚਾ 'ਗੁਰਦੁਆਰਾ ਗਜ਼ਟ' ਨਿਰੰਤਰ ਆਪ ਦੀ ਸੇਵਾ ਵਿਚ ਭੇਜਿਆ ਜਾ ਰਿਹਾ ਹੈ। ਵਧੀਆ ਕਾਗਜ਼ ਤੇ ਰੰਗਦਾਰ ਛਪਾਈ ਕਾਰਨ ਇਸ 'ਤੇ ਕਾਫ਼ੀ ਖਰਚ ਆਉਂਦਾ ਹੈ। ਇਹ ਸਭ ਆਪ ਜੀ ਵੱਲੋਂ ਭੇਜੀ ਜਾਣ ਵਾਲੀ ਯਥਾ-ਸ਼ਕਤਿ ਮਾਇਆ ਨਾਲ ਹੀ ਸੰਭਵ ਹੈ। ਜਿਨ੍ਹਾਂ ਪਾਠਕਾਂ ਦੀ ਸਾਲਾਨਾ ਸਹਾਇਤਾ (ਮਾਇਆ) ਸਮਾਪਤ ਹੋ ਚੁੱਕੀ ਹੈ, ਉਨ੍ਹਾਂ ਨੂੰ ਸਨਿਮਰ ਬੇਨਤੀ ਹੈ ਕਿ ਸਹਾਇਤਾ ਭੇਜਣ/ਜਮ੍ਹਾਂ ਕਰਾਉਣ ਦੀ ਖੇਚਲ ਕਰਨ।

*ਸਹਾਇਤਾ ਬੈਂਕ ਡਰਾਫਟ ਜਾਂ ਮਨੀਆਰਡਰ ਰਾਹੀਂ **ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ** ਦੇ ਪਤੇ 'ਪੁਰ ਭੇਜੀ ਜਾ ਸਕਦੀ ਹੈ। ਇਸ ਤੋਂ ਇਲਾਵਾ ਦਫ਼ਤਰ ਵਿਖੇ ਖਜ਼ਾਨਚੀ ਅਤੇ ਸ੍ਰੀ ਦਰਬਾਰ ਸਾਹਿਬ ਦੇ ਗੁਰਮਤਿ ਲਿਟਰੇਚਰ ਹਾਊਸ 'ਤੇ ਨਕਦ ਵੀ ਜਮ੍ਹਾਂ ਕਰਵਾਈ ਜਾ ਸਕਦੀ ਹੈ। **-ਸੰਪਾਦਕ**

# ਜੀਵਨ ਦਰਸ਼ਨ : ਸ੍ਰੀ ਗੁਰੂ ਅੰਗਦ ਦੇਵ ਜੀ

*-ਡਾ. ਰਛਪਾਲ ਸਿੰਘ**

ਅਕਾਲ ਪੁਰਖ ਸਦੀਵੀ ਅਟੱਲ ਹੈ। ਅਮਰ ਹੈ, ਨਾ ਘਟਦਾ ਹੈ, ਨਾ ਵਧਦਾ ਹੈ, ਨਿਰਭਉ ਹੈ, ਅਜੂਨੀ ਹੈ। ਇਸ ਸਲਾਮਤ ਨਿਰੰਕਾਰ ਦਾ ਹੁਕਮ ਵੀ ਅਟੱਲ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਆਧਾਰ ਜਿਥੇ 'ਜਪੁ' ਅਰਥਾਤ ਸਿਮਰਨ (ਨਾਮ ਸਿਮਰਨ) ਤੋਂ ਪ੍ਰਾਰੰਭ ਹੁੰਦਾ ਹੈ, ਉਥੇ ਉਸ 'ਹੁਕਮੀ' ਦਾ 'ਹੁਕਮ' ਵੀ ਨਾਲ ਹੀ ਚਲਦਾ ਹੈ। ਜਪੁਜੀ ਸਾਹਿਬ ਦੀ ਪਹਿਲੀ ਪਾਉੜੀ ਵਿਚ ਹੀ ਗੁਰੂ ਜੀ ਨੇ 'ਸਚਿਆਰ' ਬਣਨ ਅਤੇ 'ਕੂੜ ਦੀ ਪਾਲ' ਤੋਂ ਬਚਣ ਲਈ 'ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ' ਦੇ ਪਾਵਨ ਬਚਨ ਨਾਲ ਪ੍ਰਾਰੰਭ ਕਰਕੇ ਫਿਰ 'ਹੁਕਮੀ' ਦੇ 'ਹੁਕਮ' ਦੇ ਵਿਸਤ੍ਰਿਤ ਪਸਾਰੇ ਬਾਰੇ ਜਾਣਕਾਰੀ ਬਖਸ਼ਿਸ਼ ਕੀਤੀ ਹੈ। ਸਾਰੀ ਸ੍ਰਿਸ਼ਟੀ ਹੁਕਮ ਤੋਂ ਹੀ ਉਤਪੰਨ ਹੋਈ ਹੈ। ਇਹ ਅਕਥ ਹੈ। ਸਾਰੇ ਜੀਵ-ਜੰਤੂ ਬਨਸਪਤੀ ਆਦਿ ਪ੍ਰਭੂ-ਹੁਕਮ ਵਿਚ ਹੀ ਹਨ। ਹੁਕਮ ਵਿਚ ਹੀ ਮਨੁੱਖ ਉੱਤਮ ਅਤੇ ਨੀਚ ਹਨ। ਹੁਕਮ ਵਿਚ ਹੀ ਉਸ ਦੀਆਂ ਵਡਿਆਈਆਂ ਹਨ। ਮਨੁੱਖਾ-ਜੀਵਨ ਵਿਚ ਆਉਣ ਵਾਲੇ ਸਾਰੇ ਦੁੱਖ ਅਤੇ ਸੁੱਖ ਵੀ ਦਾਤੇ ਦੇ ਹੁਕਮ ਅਨੁਸਾਰ ਹੀ ਹਨ। ਇੱਕ ਅਜਿਹੇ ਵਿਅਕਤੀ ਹਨ, ਜਿਨ੍ਹਾਂ ਉਤੇ ਉਸ ਦੀ ਮਿਹਰ ਹੁੰਦੀ ਹੈ, ਉਨ੍ਹਾਂ ਨੂੰ ਉਹ ਬਖਸ਼ਿਸ਼ਾਂ ਦੇ ਖੁਲ੍ਹੇ ਗੱਫੇ ਦੇ ਕੇ ਨਿਹਾਲੋ-ਨਿਹਾਲ ਕਰ ਦਿੰਦਾ ਹੈ ਅਤੇ ਇਕ ਅਜਿਹੇ ਵੀ ਹਨ, ਜਿਹੜੇ ਜਨਮਾਂ-ਜਨਮਾਂ ਵਿਚ ਭਟਕਦੇ ਫਿਰਦੇ ਹਨ। ਅਕਾਲ ਪੁਰਖ ਦੇ ਹੁਕਮ ਵਿਚ ਹੀ ਸਭ ਕੁਝ ਹੈ, ਉਸ ਦੇ ਹੁਕਮ ਤੋ ਬਗੈਰ ਤਿੰਨਾਂ ਲੋਕਾਂ ਵਿਚ ਕੁਝ ਵੀ ਨਹੀਂ ਹੈ। ਜਿਸ ਮਨੁਖ 'ਤੇ ਉਹ ਆਪ ਮਿਹਰ ਕਰੇ, ਤਰਸ ਕਰੇ ਅਤੇ ਆਪਣੇ ਹੁਕਮ ਮੰਨਣ ਦੀ ਸੋਝੀ ਬਖਸ਼ ਕੇ ਹੁਕਮ ਮਨਾ ਲਵੇ, ਉਹੀ ਮਨੁੱਖ ਸਫਲ ਹੈ, ਓਹੀ ਮਨੁੱਖ ਧੰਨ ਹੈ। ਕੂੜ ਅਤੇ ਹਉਮੈ ਦੇ ਪਸਾਰੇ ਤੋਂ ਕੇਵਲ ਉਹੀ ਮਨੁੱਖ ਬਚ ਸਕਦਾ ਹੈ, ਜਿਸ ਉਤੇ ਉਸ ਦੀ ਬਖਸ਼ਿਸ਼ ਹੋਵੇ। ਮਨੁੱਖੀ ਦਿਲ-ਦਿਮਾਗ ਦੀਆਂ ਚਤੁਰਾਈਆਂ ਸਭ ਨਿਸਫਲ ਹਨ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦੂਜੇ ਜੋਤਿ-ਸਰੂਪ ਸ੍ਰੀ ਗੁਰੂ ਅੰਗਦ ਦੇਵ ਜੀ, ਜਿਨ੍ਹਾਂ ਨੇ ਗੁਰੂ-ਹੁਕਮ ਨੂੰ ਪਛਾਣਿਆ, ਸੁਣਿਆ, ਮੰਨਿਆ ਅਤੇ ਆਪਣੇ ਮਨ ਵਿਚ ਇਸ ਦੀ ਪ੍ਰਪੱਕਤਾ ਬਣਾਈ ਰੱਖੀ। ਗੁਰੂ-ਹੁਕਮ ਪ੍ਰਾਪਤ ਕਰਕੇ ਆਪ ਜੀ ਨੇ ਆਪਣਾ ਸਭ ਕੁਝ ਆਪਣੇ ਗੁਰੂ ਨੂੰ ਅਰਪਣ ਕਰ ਦਿੱਤਾ। ਆਪਣੀ ਮੱਤ ਛੱਡ ਕੇ ਗੁਰੂ ਦੀ ਮੱਤ (ਹੁਕਮ) ਅਨੁਸਾਰ ਸਮੁੱਚਾ ਜੀਵਨ ਜੀਵਿਆ। ਅਜਿਹੇ ਸਮਰਥ ਗੁਰੂ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਹੁਕਮ-ਮੰਨਣ ਦੀ ਉਦਾਹਰਣ ਕੇਵਲ ਆਪਣੀ ਮਿਸਾਲ ਆਪ ਹੀ ਹੈ। ਜਿੰਨਾ ਚਿਰ ਆਪ ਭਾਈ ਲਹਿਣਾ ਜੀ ਦੇ ਰੂਪ ਵਿਚ ਰਹੇ, ਉਹ ਜੀਵਨ ਹੋਰ ਸੀ। ਮਨ ਅਸ਼ਾਂਤ ਸੀ, ਕਚਿਆਈ ਸੀ। ਪਰ ਨਿਰੰਕਾਰੀ ਜੋਤਿ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਪਾਵਨ ਪਾਰਸ-ਛੋਹ ਨੇ ਆਪ ਜੀ ਨੂੰ ਲਹਿਣਾ ਤੋਂ ਸ੍ਰੀ ਗੁਰੂ ਅੰਗਦ ਦੇਵ ਜੀ ਬਣਾ ਦਿੱਤਾ। ਗੁਰੂ-ਸੇਵਕ ਹੁਕਮ ਮੰਨ ਕੇ ਗੁਰੂ-ਰੂਪ ਹੋ ਗਿਆ। ਦੋਵਾਂ (ਗੁਰੂ-ਚੇਲੇ) ਵਿਚ ਰਤੀ ਭਰ ਵੀ ਫਰਕ ਨਾ ਰਿਹਾ। ਇਹ ਸਭ ਗੁਰੂ-ਹੁਕਮ ਮੰਨਣ ਦੀ ਹੀ ਕਰਾਮਾਤ ਸੀ।

**ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ॥** *(ਪੰਨਾ ੯੧੮)*

ਜਿਥੇ ਵਾਸਤਵ ਹੁਕਮ ਮੰਨਣ ਦੀ ਗੱਲ ਆ ਜਾਂਦੀ ਹੈ, ਉਥੈ ਸਵੈ-ਇੱਛਾ ਜਾਂ ਹਾਨ-ਲਾਭ ਦੀਆਂ ਗੱਲਾ ਦੂਰ

*(ਬਾਕੀ ਪੰਨਾ ੨੨ 'ਤੇ)*

*ਪਿੰਡ ਕੈਲੇ ਕਲਾਂ, ਡਾਕ. ਘੁੰਮਣ ਕਲਾਂ, ਵਾਇਆ ਨੌਸ਼ਹਿਰਾ ਮੱਝਾ ਸਿੰਘ (ਗੁਰਦਾਸਪੁਰ)-੧੪੩੫੧੮



ਸ਼੍ਰੋਮਣੀ ਕਮੇਟੀ ਦੇ ਇਕੱਤਰਤਾ ਹਾਲ, ਸ੍ਰੀ ਅੰਮ੍ਰਿਤਸਰ ਵਿਖੇ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਦੀ ਆਰੰਭਤਾ ਸਮੇਂ ਮੂਲ ਮੰਤਰ ਦਾ ਜਾਪ ਕਰਦੇ ਹੋਏ ਜਥੇ. ਅਵਤਾਰ ਸਿੰਘ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ਼੍ਰੋਮਣੀ ਕਮੇਟੀ ਦੇ ਅਹੁਦੇਦਾਰ, ਅੰਤ੍ਰਿੰਗ ਮੈਂਬਰਾਨ ਅਤੇ ਅਧਿਕਾਰੀ। (15 ਫਰਵਰੀ 2016)



ਅੰਤ੍ਰਿੰਗ ਕਮੇਟੀ ਦੀ ਮੀਟਿੰਗ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਜਥੇ. ਅਵਤਾਰ ਸਿੰਘ ਪ੍ਰਧਾਨ ਸ਼੍ਰੋਮਣੀ ਕਮੇਟੀ। ਉਨ੍ਹਾਂ ਨਾਲ ਸ. ਕੇਵਲ ਸਿੰਘ ਬਾਦਲ ਜੂਨੀਅਰ ਮੀਤ ਪ੍ਰਧਾਨ, ਸ. ਸੁਖਦੇਵ ਸਿੰਘ ਭੌਰ ਜਨਰਲ ਸਕੱਤਰ, ਅੰਤ੍ਰਿੰਗ ਮੈਂਬਰਾਨ ਅਤੇ ਅਧਿਕਾਰੀ। (15 ਫਰਵਰੀ 2016)



ਸ਼੍ਰੋਮਣੀ ਕਮੇਟੀ ਦੇ ਹਲਕਾ ਲੁਧਿਆਣਾ ਪੱਛਮੀ ਦੀ ਸੰਗਤ ਨੂੰ ਸ੍ਰੀ ਗੁਰੂ ਰਾਮਦਾਸ ਲੰਗਰ ਦੀ ਸੇਵਾ ਲਈ ਰਵਾਨਾ ਕਰਨ ਸਮੇਂ ਜਥੇਦਾਰ ਅਵਤਾਰ ਸਿੰਘ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਕਮੇਟੀ ਦੇ ਮੈਂਬਰ ਸਾਹਿਬਾਨ।

(26 ਫਰਵਰੀ 2016)



ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਸ੍ਰੀ ਗੁਰੂ ਰਾਮਦਾਸ ਲੰਗਰ ਵਿਚ ਸੇਵਾ ਕਰਦੇ ਹੋਏ ਜਥੇਦਾਰ ਅਵਤਾਰ ਸਿੰਘ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ। ਉਨ੍ਹਾਂ ਨਾਲ ਮੈਂਬਰ ਸਾਹਿਬਾਨ ਅਤੇ ਸ਼੍ਰੋਮਣੀ ਕਮੇਟੀ ਅਧਿਕਾਰੀ।

(27 ਫਰਵਰੀ 2016)



ਸ੍ਰੀ ਗੁਰੂ ਰਾਮਦਾਸ ਲੰਗਰ ਵਿਚ ਪ੍ਰਸ਼ਾਦੇ ਵਰਤਾਉਣ ਦੀ ਸੇਵਾ ਕਰਦੇ ਹੋਏ ਜਥੇਦਾਰ ਅਵਤਾਰ ਸਿੰਘ ਪ੍ਰਧਾਨ ਸ਼੍ਰੋਮਣੀ ਕਮੇਟੀ।
(27 ਫਰਵਰੀ 2016)



ਸ਼੍ਰੋਮਣੀ ਕਮੇਟੀ ਦੇ ਹਲਕਾ ਲੁਧਿਆਣਾ ਪੱਛਮੀ ਤੋਂ ਸੰਗਤ ਲੈ ਕੇ ਸ੍ਰੀ ਗੁਰੂ ਰਾਮਦਾਸ ਲੰਗਰ ਵਿਚ ਸੇਵਾ ਕਰਨ ਪਹੁੰਚੇ ਜਥੇਦਾਰ ਅਵਤਾਰ ਸਿੰਘ ਪ੍ਰਧਾਨ ਸ਼੍ਰੋਮਣੀ ਕਮੇਟੀ ਨੂੰ ਸ੍ਰੀ ਦਰਬਾਰ ਸਾਹਿਬ ਵੱਲੋਂ ਸਨਮਾਨਿਤ ਕਰਦੇ ਹੋਏ ਮੈਂਬਰ ਸਾਹਿਬਾਨ ਅਤੇ ਅਧਿਕਾਰੀ।



ਸ੍ਰੀ ਗੁਰੂ ਗ੍ਰੰਥ ਸਾਹਿਬ ਸੰਪਾਦਨਾ ਸਰੋਤ ਪ੍ਰੋਜੈਕਟ ਲਈ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਡਾ. ਬਲਵੰਤ ਸਿੰਘ ਢਿੱਲੋਂ ਨੂੰ 25 ਲੱਖ ਰੁਪਏ ਦੀ ਸਹਾਇਤਾ ਦਾ ਚੈੱਕ ਦਿੰਦੇ ਹੋਏ ਜਥੇਦਾਰ ਅਵਤਾਰ ਸਿੰਘ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ।

(24 ਫਰਵਰੀ 2016)



ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ ਵਿਖੇ ਸੈਮੀਨਾਰ ਦੌਰਾਨ ਜਥੇ. ਅਵਤਾਰ ਸਿੰਘ ਪ੍ਰਧਾਨ ਸ਼੍ਰੋਮਣੀ ਕਮੇਟੀ ਨੂੰ ਸਨਮਾਨਤ ਕਰਦੇ ਹੋਏ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ, ਡਾ. ਬਲਵੰਤ ਸਿੰਘ ਢਿੱਲੋਂ, ਡਾ. ਅਮਰਜੀਤ ਸਿੰਘ ਤੇ ਹੋਰ।

(24 ਫਰਵਰੀ 2016)



ਸ਼੍ਰੋਮਣੀ ਕਮੇਟੀ ਵੱਲੋਂ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਭਗਤ ਰਵੀਦਾਸ ਜੀ ਦਾ ਜਨਮ ਦਿਹਾੜਾ ਮਨਾਉਣ ਸਮੇਂ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਅਰਦਾਸ ਕਰਦੇ ਹੋਏ ਭਾਈ ਕੁਲਵਿੰਦਰ ਸਿੰਘ ਅਤੇ ਅਰਦਾਸ 'ਚ ਸ਼ਾਮਲ ਸੰਗਤਾਂ।

(22 ਫਰਵਰੀ 2016)



ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਸਾਕਾ ਸ੍ਰੀ ਨਨਕਾਣਾ ਸਾਹਿਬ ਦੇ ਸ਼ਹੀਦਾਂ ਦੀ ਯਾਦ ਵਿਚ ਸ੍ਰੀ ਅਖੰਡ ਪਾਠ ਸਾਹਿ ਬ ਦੇ ਭੋਗ ਉਪਰੰਤ ਅਰਦਾਸ ਕਰਦੇ ਹੋਏ ਭਾਈ ਸਲਵਿੰਦਰ ਸਿੰਘ। ਅਰਦਾਸ ਵਿਚ ਸ਼ਾਮਲ ਸੰਗਤਾਂ।

(21 ਫਰਵਰੀ 2016)



ਭਗਤ ਧੰਨਾ ਜੀ ਦੇ ਜਨਮ ਦਿਹਾੜੇ 'ਤੇ ਨਗਰ ਕੀਰਤਨ ਸਬੰਧੀ ਸਭਾ-ਸੁਸਾਇਟੀਆਂ ਦੇ ਨੁਮਾਇੰਦਿਆਂ ਨਾਲ ਇਕੱਤਰਤਾ ਸਮੇਂ ਸ. ਕੇਵਲ ਸਿੰਘ ਬਾਦਲ ਜੂਨੀਅਰ ਮੀਤ ਪ੍ਰਧਾਨ, ਸ. ਰਜਿੰਦਰ ਸਿੰਘ ਮਹਿਤਾ ਅੰਤ੍ਰਿੰਗ ਮੈਂਬਰ, ਸ. ਹਰਚਰਨ ਸਿੰਘ ਮੁੱਖ ਸਕੱਤਰ, ਸ਼੍ਰੋਮਣੀ ਕਮੇਟੀ ਮੈਂਬਰ ਸਾਹਿਬਾਨ ਅਤੇ ਅਧਿਕਾਰੀ। (4 ਮਾਰਚ 2016)



ਗੁਰਦੁਆਰਾ ਬੁਰਜ ਅਕਾਲੀ ਬਾਬਾ ਫੂਲਾ ਸਿੰਘ ਜੀ ਵਿਖੇ ਨਵੇਂ ਬਣ ਰਹੇ ਲੰਗਰ ਘਰ ਦੀ ਇਮਾਰਤ ਦੇ ਲੈਂਟਰ ਦੀ ਸੇਵਾ ਆਰੰਭ ਕਰ ਦੇ ਹੋਏ ਬਾਬਾ ਬਲਬੀਰ ਸਿੰਘ 96 ਕਰੋੜੀ ਮੁਖੀ ਬੁੱਢਾ ਦਲ, ਬਾਬਾ ਗੁਰਪਿੰਦਰ ਸਿੰਘ ਵਡਾਲ, ਸ. ਦਿਲਜੀਤ ਸਿੰਘ 'ਬੇਦੀ' ਐਡੀ. ਸਕੱਤਰ ਤੇ ਹੋਰ। (21 ਫਰਵਰੀ 2016)




ਸ਼ਹੀਦ ਸਿੱਖ ਮਿਸ਼ਨਰੀ ਕਾਲਜ ਵਿਖੇ ਸਾਕਾ ਸ੍ਰੀ ਨਨਕਾਣਾ ਸਾਹਿਬ ਦੀ ਯਾਦ ਵਿਚ ਕਰਵਾਏ ਗਏ ਸੈਮੀਨਾਰ ਸਮੇਂ ਸ. ਗੁਰਬਚਨ ਸਿੰਘ ਚਾਂਦ, ਸ. ਗੁਰਦੇਵ ਸਿੰਘ ਕੋਟਲੀ ਪ੍ਰਚਾਰਕ ਤੇ ਕੈਪਟਨ ਹਰਜਾਪ ਸਿੰਘ ਨੂੰ 'ਪ੍ਰਿੰਸੀਪਲ ਗੰਗਾ ਸਿੰਘ ਐਵਾਰਡ' ਨਾਲ ਸਨਮਾਨਤ ਕਰਦੇ ਹੋਏ ਗਿ. ਅਮਰਜੀਤ ਸਿੰਘ, ਸ. ਮਨਜੀਤ ਸਿੰਘ ਸਕੱਤਰ, ਸ. ਸੁਖਦੇਵ ਸਿੰਘ ਭੂਰਾ ਕੋਹਨਾ ਐਡੀ. ਸਕੱਤਰ, ਪ੍ਰਿੰ. ਬਲਦੇਵ ਸਿੰਘ ਤੇ ਹੋ ਰ।
ਹੇਠਾਂ: ਸੈਮੀਨਾਰ ਵਿਚ ਸ਼ਾਮਲ ਸੰਗਤਾਂ।

(21 ਫਰਵਰੀ 2016)



ਸ਼੍ਰੋਮਣੀ ਕਮੇਟੀ ਦੇ ਮੈਂਬਰ ਸ. ਹਰਪਾਲ ਸਿੰਘ ਜੱਲ੍ਹਾ ਦੀ ਅਗਵਾਈ 'ਚ ਦੋਰਾਹਾ (ਲੁਧਿਆਣਾ) ਦੀਆਂ ਸੰਗਤਾਂ ਨੂੰ ਸ੍ਰੀ ਗੁਰੂ ਰਾ ਮਦਾਸ ਜੀ ਲੰਗਰ ਵਿਖੇ ਸੇਵਾ ਕਰਨ ਉਪਰੰਤ ਸਨਮਾਨਤ ਕਰਦੇ ਹੋਏ ਸ. ਸੁਲੱਖਣ ਸਿੰਘ ਮੈਨੇਜਰ ਸ੍ਰੀ ਦਰਬਾਰ ਸਾਹਿਬ ਅਤੇ ਹੋਰ।





ਗੁਰੂ ਘਰ ਦੇ ਸ਼ਰਧਾਲੂ ਜੰਮੂ-ਕਸ਼ਮੀਰ ਦੇ ਨਿਵਾਸੀ ਕਾਕਾ ਪਰਮਿੰਦਰ ਸਿੰਘ ਜੋ ਪਿਛਲੇ ਕੁਝ ਸਮੇਂ ਤੋਂ ਸਰੀਰਕ ਤੌਰ 'ਤੇ ਲਾਚਾਰ ਸੀ, ਨੂੰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਗੁਰੂ ਦੀ ਕ੍ਰਿਪਾ ਨਾਲ ਦੇਹ ਅਰੋਗਤਾ ਪ੍ਰਾਪਤ ਹੋਈ।

ਪਹਿਲੀ ਤਸਵੀਰ ਵਿਚ ਕਾਕਾ ਪਰਮਿੰਦਰ ਸਿੰਘ ਨੂੰ ਸੇਵਾਦਾਰ ਚੁੱਕ ਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਲਿਜਾਂਦੇ ਹੋਏ ਅਤੇ ਦੂਸਰੀ ਤਸਵੀਰ ਵਿਚ ਤੰਦਰੁਸਤ ਹੋਣ ਉਪਰੰਤ ਸੇਵਾਦਾਰਾਂ ਨਾਲ ਖੜ੍ਹਾ ਕਾਕਾ ਪਰਮਿੰਦਰ ਸਿੰਘ। (23 ਫਰਵਰੀ 2016)

(ਪੰਨਾ ੧੮ ਦਾ ਬਾਕੀ)

ਹੋ ਜਾਂਦੀਆਂ ਹਨ। ਉਦਾਹਰਨ ਵਜੋਂ ਸ੍ਰੀ ਗੁਰੂ ਅੰਗਦ ਦੇਵ ਜੀ ਦੁਆਰਾ ਗੁਰੂ-ਹੁਕਮ ਕਮਾਉਣ ਦੀਆਂ ਕੁਝ ਕੁ ਵੰਨਗੀ ਮਾਤਰ ਘਟਨਾਵਾਂ ਪ੍ਰਸਤੁਤ ਹਨ:

੧. ਜਦੋਂ ਭਾਈ ਲਹਿਣਾ ਜੀ ਨੇ ਬਹੁਤ ਕੀਮਤੀ ਬਸਤਰ ਪਹਿਨੇ ਹੋਏ ਸਨ, ਉਸ ਸਮੇਂ ਪੂਰੇ ਗੁਰੂ ਦਾ ਹੁਕਮ ਮਿਲਣ ਦੀ ਹੀ ਦੇਰ ਸੀ ਕਿ ਭਾਈ ਲਹਿਣਾ ਜੀ ਨੇ ਖੇਤਾਂ ਵਿੱਚੋਂ ਚਿੱਕੜ ਦੇ ਗੰਦੇ ਪਾਣੀ ਨਾਲ ਚੋਂਦੀਆਂ ਨਦੀਨ ਦੀਆਂ ਪੰਡਾਂ ਸਿਰ ਉਤੇ ਚੁੱਕ-ਚੁੱਕ ਕੇ ਬਾਹਰ ਕੱਢੀਆਂ ਤੇ ਆਪਣੇ ਮਨ ਵਿਚ ਰਤੀ ਭਰ ਵੀ ਹਉਮੈ ਨਾ ਆਉਣ ਦਿੱਤੀ। ਗੁਰੂ-ਹੁਕਮ ਵਿਚ ਮਨ ਦੀ ਪ੍ਰਸੰਨਤਾ ਪ੍ਰਾਪਤ ਕੀਤੀ।

੨. ਚਿੱਕੜ ਵਿਚ ਗੁਰੂ ਜੀ ਨੇ ਕਟੋਰਾ ਸੁੱਟ ਦਿੱਤਾ ਤੇ ਭਾਈ ਲਹਿਣਾ ਜੀ ਨੂੰ ਹੁਕਮ ਕੀਤਾ ਕਿ ਉਹ ਇਸ ਕਟੋਰੇ ਨੂੰ ਬਾਹਰ ਕੱਢ ਕੇ ਲਿਆਵੇ। ਸੇਵਕ ਨੇ ਅੱਖ ਦੇ ਫੋਰ ਵਿਚ ਗੰਦਗੀ ਵਿੱਚੋਂ ਕਟੋਰਾ ਕੱਢ ਕੇ ਗੁਰੂ-ਹੁਕਮ ਮੰਨਣ ਦੀ ਬਖਸ਼ਿਸ਼ ਪ੍ਰਾਪਤ ਕੀਤੀ।

੩. ਰਾਤ ਸਮੇਂ ਗੁਰੂ ਜੀ ਨੇ ਪੁੱਤਰਾਂ ਸਮੇਤ ਹੋਰ ਸਿੱਖਾਂ ਨੂੰ ਪੁੱਛਿਆ ਕਿ ਰਾਤ ਕਿੰਨੀ ਲੰਘ ਗਈ ਹੈ ਤੇ ਕਿੰਨੀ ਕੁ ਰਹਿੰਦੀ ਹੈ? ਸਭ ਨੇ ਆਪਣੀ-ਆਪਣੀ ਮੱਤ ਅਨੁਸਾਰ ਦੱਸਿਆ। ਕਿਸੇ ਨੇ ਪਹਿਰ ਰਾਤ ਗਈ ਕਿਹਾ, ਕਿਸੇ ਨੇ ਅੱਧੀ ਰਾਤ ਬੀਤ ਗਈ ਕਿਹਾ ਪਰ ਭਾਈ ਲਹਿਣਾ ਜੀ ਦਾ ਉੱਤਰ ਵੱਖਰਾ ਹੀ ਸੀ। ਉਨ੍ਹਾਂ ਕਿਹਾ, ਸਤਿਗੁਰੂ ਜੀ ! ਤੇਰੇ ਭਾਣੇ ਵਿਚ ਜਿਨੀ ਰਾਤ ਬੀਤਣੀ ਸੀ ਬੀਤ ਗਈ ਅਤੇ ਜਿਨੀ ਰਾਤ ਤੇਰੇ ਭਾਣੇ ਵਿਚ ਰਹਿੰਦੀ ਹੈ, ਉਹ ਅਜੇ ਬਾਕੀ ਹੈ।

੪. ਪੋਹ-ਮਾਘ ਦੀ ਅਤਿ ਠੰਡੀ ਕਾਲੀ ਰਾਤ ਨੂੰ ਗੁਰੂ ਜੀ ਨੇ ਸਿੱਖਾਂ/ਪੁੱਤਰਾਂ ਨੂੰ ਹੁਕਮ ਕੀਤਾ ਕਿ ਢੱਠੀ ਹੋਈ ਕੰਧ ਉਸਾਰੋ। ਸਭ ਨੇ ਠੰਡ ਅਤੇ ਰਾਤ ਕਾਰਨ ਨਾਂਹ-ਨੁੱਕਰ ਕੀਤੀ ਪਰ ਭਾਈ ਲਹਿਣਾ ਜੀ ਨੇ ਗੁਰੂ ਹੁਕਮ ਮਿਲਦਿਆਂ ਅੱਧੀ ਰਾਤ ਨੂੰ ਹੀ ਕੰਧ ਦੀ ਉਸਾਰੀ ਸ਼ੁਰੂ ਕਰ ਦਿੱਤੀ।

੫. ਅੱਧੀ ਰਾਤ ਨੂੰ ਗੁਰੂ ਜੀ ਨੇ ਬਸਤਰ ਧੋ ਕੇ ਲਿਆਉਣ ਦਾ ਹੁਕਮ ਕੀਤਾ। ਨੀਂਦ ਅਤੇ ਰਾਤ ਕਾਰਨ ਬਾਕੀ ਸਭ ਨੇ ਕਈ ਬਹਾਨੇ ਲਗਾਏ, ਪਰ ਭਾਈ ਲਹਿਣਾ ਜੀ ਨੇ ਆਪਣੇ ਮਾਲਕ ਦਾ ਹੁਕਮ ਮਿਲਦੇ ਸਾਰ ਰਾਤ ਵੇਲੇ ਹੀ ਬਸਤਰ ਧੋ ਕੇ ਲਿਆਂਦੇ।

ਏਥੇ ਹੀ ਬਸ ਨਹੀਂ ਭਾਈ ਲਹਿਣਾ ਜੀ ਦੇ ਹਰ ਸਵਾਸ ਵਿਚ ਗੁਰੂ-ਹੁਕਮ ਅਤੇ ਪਰਮਾਤਮਾ ਦਾ ਨਾਮ ਵੱਸਿਆ ਹੋਇਆ ਸੀ। ਨਾਮ-ਸਿਮਰਨ ਤਾਂ ਉਨ੍ਹਾਂ ਦੇ ਜਾਗਦਿਆਂ, ਸੁੱਤਿਆਂ, ਸੇਵਾ ਕਰਦਿਆਂ ਹਰਦਮ ਚੱਲਦਾ ਹੀ ਰਹਿੰਦਾ ਸੀ। ਭਾਵ ਨਾਮ-ਸਿਮਰਨ ਅਤੇ ਗੁਰੂ ਹੁਕਮ ਹੀ ਉਨਾਂ ਦੀ ਜਿੰਦ-ਜਾਨ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਨ੍ਹਾਂ ਨੂੰ ਸਭ ਕਸਵੱਟੀਆਂ 'ਤੇ ਪਰਖਿਆ। ਉਨ੍ਹਾਂ ਦੇਖਿਆ ਕਿ ਭਾਈ ਲਹਿਣਾ ਜੀ ਸੰਪੂਰਨ ਹੋ ਗਏ ਹਨ। ਗੁਰੂ ਜੀ ਅਤਿ ਪ੍ਰਸੰਨ ਹੋਏ। ਭਾਈ ਲਹਿਣਾ ਜੀ ਲਈ ਗੁਰੂ ਮਤਿ ਹੀ ਸਾਹ ਅਤੇ ਜਾਨ ਸੀ। ਸਰਬ ਕਲਾ ਸਮਰਥ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਦੀ ਘਾਲਣਾ (ਹੁਕਮ ਮੰਨਣ) 'ਤੇ ਤਰੁੱਠ ਕੇ ਉਨ੍ਹਾਂ ਦੇ ਹਵਾਲੇ ਰੱਬੀ ਬਖਸ਼ਿਸ਼ਾਂ ਦੇ ਸਭ ਭੰਡਾਰੇ ਕਰ ਦਿੱਤੇ। ਅੰਗ ਨਾਲ ਲਾ ਕੇ ਭਾਈ ਲਹਿਣਾ ਜੀ ਨੂੰ ਸ੍ਰੀ ਗੁਰੂ ਅੰਗਦ ਦੇਵ ਬਣਾ ਦਿੱਤਾ ਭਾਵ ਗੁਰਿਆਈ ਬਖ਼ਸ਼ ਦਿੱਤੀ।

ਸ੍ਰੀ ਗੁਰੂ ਅੰਗਦ ਦੇਵ ਜੀ ਨੇ ਗੁਰਤਾ-ਗੱਦੀ ਦੀ ਰੱਬੀ ਦਾਤ ਪ੍ਰਾਪਤ ਕਰਕੇ ਸਿੱਖ ਧਰਮ ਦੀ ਚੜ੍ਹਦੀ ਕਲਾ ਲਈ ਵਡਮੁੱਲਾ ਯੋਗਦਾਨ ਪਾਇਆ। ਲੰਗਰ ਅਤੇ ਪੰਗਤ ਦੀ ਮਰਯਾਦਾ ਕਾਇਮ ਰੱਖੀ। ਸੰਗਤ ਵਿਚ ਨਾਮ-ਗੁਰਬਾਣੀ ਪ੍ਰਵਾਹ ਨਿਰੰਤਰ ਚਲਾਈ ਰੱਖਿਆ। ਗੁਰਮੁਖੀ ਲਿੱਪੀ ਨੂੰ ਪ੍ਰਚਾਰਨ ਤੇ ਪ੍ਰਸਾਰਨ ਹਿਤ ਸ਼ਲਾਘਾਯੋਗ ਕਾਰਜ ਕੀਤੇ। ਆਪ ਨੌਜਵਾਨ ਬੱਚਿਆਂ ਦੇ ਅਖਾੜੇ ਲਗਾ ਕੇ ਮਾਨਸਿਕ ਤੰਦਰੁਸਤੀ ਦੇ ਨਾਲ-ਨਾਲ ਸਰੀਰਕ ਅਰੋਗਤਾ ਲਈ ਪ੍ਰਯਤਨ ਕਰਦੇ। ਸ਼ੇਰ ਸ਼ਾਹ ਸੂਰੀ ਤੋਂ ਮਾਰ ਖਾ ਕੇ ਜਦ ਹਮਾਯੂੰ ਗੁਰੂ ਦਰਸ਼ਨ ਲਈ ਆਇਆ ਤਾਂ ਗੁਰੂ ਜੀ ਨੇ ਹਮਾਯੂੰ

ਬਾਦਸ਼ਾਹ ਵਲ ਧਿਆਨ ਨਾ ਦਿੱਤਾ। ਜਦ ਹਮਾਯੂੰ ਆਪਣੀ ਹੇਠੀ ਜਾਣ ਕੇ ਗੁਰੂ ਜੀ ਉੱਪਰ ਤਲਵਾਰ ਉਠਾਉਣ ਲੱਗਾ ਤਾਂ ਸ਼ਾਂਤ ਚਿੱਤ, ਨਿਰਭਉ ਗੁਰੂ ਜੀ ਨੇ ਮੁਸਕਰਾਉਂਦੇ ਹੋਏ ਕਿਹਾ, 'ਜਿਹੜੀ ਤਲਵਾਰ ਤੂੰ ਫਕੀਰਾਂ 'ਤੇ ਚਲਾਉਣ ਲਈ ਕੱਢ ਰਿਹਾ ਹੈਂ, ਇਹ ਸ਼ੇਰ ਸ਼ਾਹ ਸੂਰੀ ਵੇਲੇ ਕਿੱਥੇ ਸੀ?' ਹਮਾਯੂੰ ਨੇ ਗਲਤੀ ਦੀ ਮੁਆਫੀ ਮੰਗੀ ਤੇ ਸਤਿਕਾਰ ਸਹਿਤ ਗੁਰੂ ਜੀ ਨੂੰ ਨਮਸ਼ਕਾਰ ਕੀਤੀ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਗੁਰਿਆਈ ਦੀ ਜਿੰਮੇਵਾਰੀ ਨਿਭਾਉਂਦਿਆਂ ਆਪਣੀ ਬਾਣੀ ਵਿਚ ਗੁਰੂ-ਹੁਕਮ ਮੰਨਣ ਅਤੇ ਗੁਰੂ-ਹੁਕਮ ਦੀ ਸਰਵ-ਉੱਚਤਾ ਸਬੰਧੀ ਅਨੇਕ ਉਦਾਹਰਣਾ ਪ੍ਰਸਤੁਤ ਕੀਤੀਆਂ।

ਸਮੁੱਚੀ ਜਿੰਦਗੀ ਦੇ ਸਾਰ-ਤੱਤ ਵਜੋਂ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਪ੍ਰਥਮ ਰੂਪ ਵਿਚ ਪੂਰੇ ਗੁਰੂ ਦੀ ਲੋੜ 'ਤੇ ਜ਼ੋਰ ਦਿੱਤਾ ਹੈ:

**ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ॥**
**ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ॥**

*(ਪੰਨਾ ੪੬੩)*

ਗੁਰੂ ਜੀ ਅਨੁਸਾਰ ਸਾਰਾ ਸੰਸਾਰ ਸੱਚੇ ਪਾਤਸ਼ਾਹ ਦੀ ਕੋਠੜੀ ਹੈ। ਉਹ ਕਿਸੇ ਨੂੰ ਆਪਣੇ ਹੁਕਮ ਵਿਚ ਆਪਣੇ ਨਾਲ ਮਿਲਾ ਲੈਂਦਾ ਹੈ ਅਤੇ ਕਿਸੇ ਨੂੰ ਆਪਣੇ ਹੁਕਮ ਵਿਚ ਹੀ ਪਰ੍ਹੇ-ਪਰ੍ਹੇ ਰੱਖਦਾ ਹੈ:

**ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ॥**
**ਇਕਨ੍ਹਾ ਹੁਕਮਿ ਸਮਾਇ ਲਏ ਇਕਨ੍ਹਾ ਹੁਕਮੇ ਕਰੇ ਵਿਣਾਸੁ॥**

*(ਪੰਨਾ ੪੬੩)*

ਸੇਵਕ ਦਾ ਕਰਤਵ ਹੈ ਕਿ ਉਹ ਪੂਰੇ ਗੁਰੂ ਨੂੰ ਪੂਰਾ ਕਰਕੇ ਹੀ ਜਾਣੇ। ਉਸ ਉਤੇ ਰਤੀ ਭਰ ਵੀ ਸ਼ੱਕ ਨਾ ਕਰੇ। ਜੇਕਰ ਸੇਵਕ ਗੁਰੂ ਨੂੰ ਨਮਸਕਾਰ ਵੀ ਕਰੇ ਤੇ ਹੁਕਮ ਵੀ ਨਾ ਮੰਨੇ (ਮਨਮਰਜ਼ੀ ਕਰੇ) ਤਾਂ ਉਹ ਸੇਵਾ ਵਿਅਰਥ ਹੈ:

**ਸਲਾਮੁ ਜਬਾਬੁ ਦੋਵੈ ਕਰੇ ਮੁੰਢਹੁ ਘੁਥਾ ਜਾਇ॥**
**ਨਾਨਕ ਦੋਵੈ ਕੂੜੀਆ ਥਾਇ ਨ ਕਾਈ ਪਾਇ॥**

*(ਪੰਨਾ ੪੭੪)*

ਜੇਕਰ ਸੇਵਕ ਨੇ ਕੁਝ ਪ੍ਰਾਪਤ ਕਰਨਾ ਹੈ ਤਾਂ ਆਪਣਾ-ਆਪ ਗਵਾ ਕੇ ਸੇਵਾ ਕਰੇ। ਜਿਸ ਦੀ ਸੇਵਾ ਕਰੇ ਉਸ ਨਾਲ ਤਨ, ਮਨ ਤੇ ਧਨ ਕਰਕੇ ਸਦੀਵੀਂ ਜੁੜਿਆ ਰਹੇ। ਉਸ ਦੇ ਹਰ ਹੁਕਮ ਵਿਚ ਆਪਣੀ ਰਜ਼ਾ ਰੱਖੇ ਤਾਂ ਹੀ ਉਸ ਦੇ ਦਰ 'ਤੇ ਪ੍ਰਵਾਨ ਹੋ ਸਕਦਾ ਹੈ:


**ਆਪੁ ਗਵਾਇ ਸੇਵਾ ਕਰੇ ਤਾ ਕਿਛੁ ਪਾਏ ਮਾਨੁ॥**
**ਨਾਨਕ ਜਿਸ ਨੋ ਲਗਾ ਤਿਸੁ ਮਿਲੈ ਲਗਾ ਸੋ ਪਰਵਾਨੁ॥**

*(ਪੰਨਾ ੪੭੪)*

ਸ੍ਰੀ ਗੁਰੂ ਅੰਗਦ ਦੇਵ ਜੀ ਅਨੁਸਾਰ ਸੇਵਕ ਤਾਂ ਸੇਵਕ ਹੀ ਹੈ, ਉਹ ਗੁਰੂ ਨੂੰ ਕੋਈ ਹੁਕਮ ਨਹੀਂ ਕਰ ਸਕਦਾ। ਜੇਕਰ ਗੁਰੂ ਤੋਂ ਕੁਝ ਪ੍ਰਾਪਤ ਕਰਨਾ ਹੈ ਤਾਂ ਉਸ ਅੱਗੇ ਕੇਵਲ ਤਾਂ ਕੇਵਲ ਅਰਦਾਸ ਹੀ ਇੱਕ ਮਾਤਰ ਸਾਧਨ ਹੈ। ਜਿਸ ਦੀ ਅਰਦਾਸ ਗੁਰੂ ਜੀ ਦੇ ਦਰ 'ਤੇ ਪ੍ਰਵਾਨ ਹੋ ਜਾਵੇ, ਉਸ ਜਨ ਨੂੰ ਹੀ ਲੋਕ ਤੇ ਪ੍ਰਲੋਕ ਵਿਚ ਸ਼ਾਬਾਸ਼ ਮਿਲਦੀ ਹੈ। ਸੇਵਕ ਵੀ ਐਸਾ ਹੋਵੇ ਕਿ ਆਪਣੇ ਗੁਰੂ ਵਿਚ ਹੀ ਸਮਾ ਜਾਵੇ, ਆਪਣੀ ਹੋਂਦ ਕਦੇ ਵੀ ਨਾ ਜਣਾਵੇ।

■

# ਗੁਰੂ ਦੀ ਬਖਸ਼ਿਸ਼ ਨਾਲ ਨੌਜਵਾਨ ਨੂੰ ਮਿਲੀ ਦੇਹ ਅਰੋਗਤਾ



*-ਦਿਲਜੀਤ ਸਿੰਘ 'ਬੇਦੀ'**

ਅੱਜਕਲ੍ਹ ਸੋਸ਼ਲ ਮੀਡੀਆ 'ਤੇ ਇੱਕ ਵੀਡੀਓ ਚਰਚਾ ਵਿਚ ਹੈ। ਸੀ.ਸੀ.ਟੀ.ਵੀ. ਦੀ ਰਿਕਾਰਡਿੰਗ ਵਿਚ ਇੱਕ ਬੱਚਾ ਵੀਲ੍ਹ ਚੇਅਰ 'ਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਲਈ ਜਾਂਦਾ ਹੈ। ਆਪਣੇ ਪੈਰਾਂ 'ਤੇ ਨਾ ਚੱਲ ਸਕਣ ਵਾਲਾ ਇਹ ਬੱਚਾ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ ਵਿਖੇ ਹੋ ਰਹੀ ਅਰਦਾਸ ਵਿਚ ਆਪ ਖੜ੍ਹਾ ਹੋ ਜਾਂਦਾ ਹੈ। ਇਹ ਹੈਰਾਨ ਕਰਨ ਵਾਲੀ ਘਟਨਾ ਨਹੀਂ, ਸਗੋਂ ਕਰਤਾ ਪੁਰਖ ਦੀ ਰਹਿਮਤ ਸਦਕਾ ਗੁਰੂ ਦੀ ਜ਼ਾਹਰਾ ਕਲਾ ਦਾ ਵਰਤਾਰਾ ਹੈ। ਇਸ ਪਿੱਛੇ ਸ਼ਰਧਾ-ਭਾਵਨਾ ਦੇ ਨਾਲ-ਨਾਲ ਗੁਰੂ 'ਤੇ ਅਥਾਹ ਭਰੋਸੇ ਦੀ ਅਧਿਆਤਮਿਕ ਸ਼ਕਤੀ ਕੰਮ ਕਰਦੀ ਹੈ।

ਦਰਅਸਲ ਜਦੋਂ ਮਨੁੱਖ ਸੰਸਾਰ ਦੇ ਸਾਰੇ ਵਸੀਲਿਆਂ ਤੋਂ ਹਾਰ ਜਾਂਦਾ ਹੈ ਤਾਂ ਉਹ ਆਪਣੇ ਇਸ਼ਟ ਅੱਗੇ ਅਰਜੋਈ ਕਰਦਾ ਹੈ। ਸੰਸਾਰ ਤੋਂ ਹਾਰੇ ਹੋਏ ਮਨੁੱਖ ਨੂੰ ਕੇਵਲ ਇੱਕ ਪਰਮਾਤਮਾ ਦਾ ਸਹਾਰਾ ਹੀ ਨਜ਼ਰ ਆਉਂਦਾ ਹੈ। ਅਜਿਹੀ ਸਥਿਤੀ ਵਿਚ ਮਨੁੱਖ ਪਰਮਾਤਮਾ ਅੱਗੇ ਜੋਦੜੀ, ਬੇਨਤੀ, ਅਰਦਾਸ ਕਰਦਾ ਹੈ। ਆਪਣੇ ਧਾਰਮਿਕ ਅਸਥਾਨ 'ਤੇ ਜਾ ਕੇ ਸੇਵਾ ਕਰਨਾ ਮਨੁੱਖ ਨੂੰ ਮਾਨਸਿਕ ਸਕੂਨ ਦਿੰਦਾ ਹੈ। ਕਈ ਵਾਰ ਮਨੁੱਖ ਬੀਮਾਰੀ ਦੀ ਹਾਲਤ ਵਿਚ ਡਾਕਟਰਾਂ ਦੇ ਚੱਕਰ ਕੱਟ-ਕੱਟ ਕੇ ਥੱਕ ਜਾਂਦਾ ਹੈ, ਪਰ ਉਸ ਨੂੰ ਕੋਈ ਆਰਾਮ ਨਹੀਂ ਮਿਲਦਾ। ਅਜਿਹੀ ਸਥਿਤੀ ਵਿਚ ਉਹ ਪਰਮਾਤਮਾ ਦੇ ਦਰ ਵਲ ਨੂੰ ਮੁੜਦਾ ਹੈ, ਕਿਉਂਕਿ ਮਨੁੱਖ ਗੁਰਬਾਣੀ ਦੀ ਰਮਜ਼ 'ਸਰਬ ਰੋਗ ਕਾ ਅਉਖਦੁ ਨਾਮੁ' ਨੂੰ ਸਮਝਦਾ ਹੈ। ਜਦ ਮਨੁੱਖ ਆਪਣੀ ਹਉਮੈ ਤਿਆਗ ਕੇ ਪਰਮਾਤਮਾ ਅੱਗੇ ਅਰਜੋਈ ਕਰਦਾ ਹੈ ਤਾਂ ਉਸ ਦੀ ਇਹ ਅਰਦਾਸ ਅਵੱਸ਼ ਪ੍ਰਵਾਨ ਹੁੰਦੀ ਹੈ। ਇਸ ਸਬੰਧ ਵਿਚ ਟੋਡੀ ਰਾਗ ਅੰਦਰ ਪੰਜਵੇਂ ਪਾਤਸ਼ਾਹ ਜੀ ਫੁਰਮਾਨ ਕਰਦੇ ਹਨ ਕਿ ਜੋ ਮਨੁੱਖ ਆਪਣੇ ਪ੍ਰਭੂ ਦੇ ਹਜ਼ੂਰ ਅਰਦਾਸ ਬੇਨਤੀ ਕਰਦਾ ਹੈ, ਉਸ ਨੂੰ ਕੋਈ ਮੁਸ਼ਕਲ ਪੇਸ਼ ਨਹੀਂ ਆਉਂਦੀ। ਉਸ ਦੇ ਸਾਰੇ ਦੁੱਖ ਦੂਰ ਹੋ ਜਾਂਦੇ ਹਨ, ਕਿਉਂਕਿ ਪਰਮਾਤਮਾ ਹਰ ਤਰ੍ਹਾਂ ਦੇ ਦੁੱਖ ਦੂਰ ਕਰਨ ਵਾਲਾ ਹੈ। ਗੁਰਬਾਣੀ ਦਾ ਪਾਵਨ ਫੁਰਮਾਨ ਹੈ:

**ਤੀਨੇ ਤਾਪ ਨਿਵਾਰਣਹਾਰਾ ਦੁਖ ਹੰਤਾ ਸੁਖ ਰਾਸਿ॥**
**ਤਾ ਕਉ ਬਿਘਨੁ ਨ ਕੋਊ ਲਾਗੈ ਜਾ ਕੀ ਪ੍ਰਭ ਆਗੈ ਅਰਦਾਸਿ॥** *(ਪੰਨਾ ੭੧੪)*

ਮੁਸੀਬਤਾਂ ਵਿਚ ਘਿਰਿਆ ਹੋਇਆ ਮਨੁੱਖ ਦੁੱਖਾਂ ਤੋਂ ਆਪਣੀ ਬੰਦ ਖਲਾਸੀ ਲਈ ਪਰਮਾਤਮਾ ਅਗੇ ਜੋਦੜੀ ਕਰਦਾ ਹੈ। ਉਸ ਨੂੰ ਵਿਸ਼ਵਾਸ ਹੁੰਦਾ ਹੈ ਕਿ ਅਕਾਲ ਪੁਰਖ ਹੀ ਮੇਰੇ ਦੁੱਖਾਂ ਨੂੰ ਦੂਰ ਕਰ ਸਕਦਾ ਹੈ:

**ਦੁਇ ਕਰ ਜੋੜਿ ਇਕੁ ਬਿਨਉ ਕਰੀਜੈ॥**
**ਕਰਿ ਕਿਰਪਾ ਡੁਬਦਾ ਪਥਰੁ ਲੀਜੈ॥** *(ਪੰਨਾ ੧੦੩)*

ਸਤਿਗੁਰੂ ਦੀ ਕਲਾ ਮਨੁੱਖੀ ਮਨ ਦੀ ਪਹੁੰਚ ਤੋਂ ਦੂਰ ਹੈ। ਸਿੱਖ ਇਤਿਹਾਸ ਅਤੇ ਪ੍ਰੰਪਰਾ ਨੂੰ ਵਾਚੀਏ ਤਾਂ

*ਐਡੀ. ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ। (ਮੋ) ੯੮੧੪੮-੯੮੫੭੦

ਅਜਿਹੀਆਂ ਅਨੇਕਾਂ ਮਿਸਾਲਾਂ ਮਿਲ ਜਾਂਦੀਆਂ ਹਨ, ਜਿਨ੍ਹਾਂ ਤੋਂ ਮਨੁੱਖ 'ਤੇ ਪਰਮਾਤਮਾ ਅਤੇ ਗੁਰੂ ਦੀ ਕ੍ਰਿਪਾ ਦ੍ਰਿਸ਼ਟਮਾਨ ਹੁੰਦੀ ਹੈ। ਸਿੱਖ ਪ੍ਰੰਪਰਾ ਵਿਚ ਬੀਬੀ ਰਜਨੀ ਦਾ ਜ਼ਿਕਰ ਹੈ, ਜਿਸ ਦੇ ਕੋਹੜੀ ਪਤੀ ਨੂੰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਅੰਮ੍ਰਿਤ ਸਰੋਵਰ ਤੋਂ ਦੇਹ ਅਰੋਗਤਾ ਮਿਲੀ ਸੀ। ਬੀਬੀ ਰਜਨੀ ਜਿਸ ਦਾ ਵਿਆਹ ਉਸ ਦੇ ਹੰਕਾਰੀ ਪਿਤਾ ਨੇ ਇੱਕ ਕੋਹੜੀ ਨਾਲ ਕਰ ਦਿੱਤਾ ਸੀ। ਬੀਬੀ ਰਜਨੀ ਦਾ ਕਸੂਰ ਕੇਵਲ ਇਹ ਸੀ ਕਿ ਉਸ ਨੇ ਪਿਤਾ ਦੇ ਆਪਣੀਆਂ ਪੁੱਤਰੀਆਂ ਨੂੰ ਪੁੱਛਣ 'ਤੇ ਕਿ ਤੁਸੀਂ ਕਿਸ ਦਾ ਦਿੱਤਾ ਖਾਂਦੀਆਂ ਹੋ? ਦਾ ਜਵਾਬ ਬਾਕੀ ਭੈਣਾ ਤੋਂ ਵੱਖਰਾ ਇਹ ਦੇ ਦਿੱਤਾ ਸੀ ਕਿ ਦੇਵਣਹਾਰ ਪਰਮਾਤਮਾ ਹੈ। ਅਸਲ ਵਿਚ ਉਸ ਦੀਆਂ ਬਾਕੀ ਭੈਣਾ ਨੇ ਕਿਹਾ ਸੀ ਕਿ ਪਿਤਾ ਜੀ ਅਸੀਂ ਤੁਹਾਡਾ ਦਿੱਤਾ ਖਾਂਦੀਆਂ ਹਾਂ। ਬੀਬੀ ਰਜਨੀ ਨੇ ਪਿਤਾ ਵੱਲੋਂ ਉਸ ਦਾ ਕੋਹੜੀ ਨਾਲ ਵਿਆਹ ਕਰ ਦੇਣ ਦਾ ਬੁਰਾ ਨਹੀਂ ਸੀ ਮਨਾਇਆ, ਸਗੋਂ ਉਸ ਨੇ ਪਰਮਾਤਮਾ 'ਤੇ ਗੁਰੂ 'ਤੇ ਡੋਰੀ ਸੁੱਟ ਕੇ ਉਸ ਨੂੰ ਆਪਣਾ ਜੀਵਨ ਸਾਥੀ ਪ੍ਰਵਾਨ ਕਰ ਲਿਆ ਸੀ। ਵੇਰਵਿਆਂ ਅਨੁਸਾਰ ਬੀਬੀ ਰਜਨੀ ਦੇ ਪਤੀ ਦਾ ਦੁੱਖ/ਰੋਗ 'ਦੁੱਖ ਭੰਜਨੀ ਬੇਰੀ' ਥੱਲੇ ਇਸ਼ਨਾਨ ਕਰਨ ਨਾਲ ਠੀਕ ਹੋਇਆ ਸੀ। ਇਸ ਘਟਨਾ ਦਾ ਜ਼ਿਕਰ ਅੱਜ ਵੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਪਰਕਰਮਾ ਵਿਚ ਦੁੱਖ ਭੰਜਨੀ ਬੇਰੀ ਦੇ ਪਾਸ ਇੱਕ ਬੋਰਡ ਉਪਰ ਅੰਕਿਤ ਹੈ। ਇਥੇ ਅੱਜ ਵੀ ਸੰਗਤਾਂ ਆਸਥਾ ਨਾਲ ਇਸ਼ਨਾਨ ਕਰਦੀਆਂ ਹਨ ਅਤੇ ਦੇਹ ਅਰੋਗਤਾ ਲਈ ਅਰਦਾਸ ਕਰਦੀਆਂ ਹਨ।

ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ ਸਿੱਖ ਧਰਮ ਦਾ ਕੇਂਦਰੀ ਅਸਥਾਨ ਹੈ। ਰੂਹਾਨੀਅਤ ਦੇ ਇਸ ਮੁਜਸਮੇ ਅੰਦਰ ਗੁਰਬਾਣੀ ਦਾ ਨਿਰੰਤਰ ਪ੍ਰਵਾਹ ਚੱਲਦਾ ਰਹਿੰਦਾ ਹੈ। ਅਣਗਿਣਤ ਦੁਖਿਆਰੇ ਇਸ ਪਾਵਨ ਅਸਥਾਨ 'ਤੇ ਨਤਮਸਤਕ ਹੋ ਕੇ ਆਪਣੇ ਦੁੱਖਾਂ ਤੋਂ ਨਵਿਰਤੀ ਪਾਉਂਦੇ ਹਨ। ਉਪਰ ਜ਼ਿਕਰ ਕੀਤੀ ਘਟਨਾ ਤੋਂ ਇਲਾਵਾ ਹੋਰ ਵੀ ਅਨੇਕਾਂ ਘਟਨਾਵਾਂ ਦੁਨੀਆਂ ਦੇ ਸਾਹਮਣੇ ਆਈਆਂ ਹਨ, ਜਦੋਂ ਸੰਸਾਰ ਦੇ ਡਾਕਟਰਾਂ ਨੇ ਮਰੀਜ਼ ਨੂੰ ਕਿਸੇ ਗੰਭੀਰ ਬਿਮਾਰੀ ਦੇ ਕਾਰਨ ਜਵਾਬ ਦੇ ਦਿੱਤਾ ਤਾਂ ਹਾਰਿਆ ਹੋਇਆ ਉਹ ਮਨੁੱਖ ਜਦੋਂ ਗੁਰੂ ਦੇ ਇਸ ਦਰ 'ਤੇ ਆਇਆ ਤਾਂ ਉਸ ਦੀ ਕੀਤੀ ਅਰਦਾਸ ਪਰਮਾਤਮਾ ਦੇ ਦਰ 'ਤੇ ਪਰਵਾਨ ਹੋਈ। ਕਿਸੇ ਅੱਖਾਂ ਦੀ ਜੋਤ ਤੋਂ ਵਿਹੂਣੇ ਨੂੰ ਅੱਖਾਂ ਦੀ ਰੌਸ਼ਨੀ ਨਸੀਬ ਹੋਈ ਅਤੇ ਕਿਸੇ ਨੂੰ ਕੈਂਸਰ ਦੀ ਨਾਮੁਰਾਦ ਬੀਮਾਰੀ ਤੋਂ ਛੁਟਕਾਰਾ ਮਿਲਿਆ।

ਸੰਗਰੂਰ ਜਿਲ੍ਹੇ ਦੇ ਇੱਕ ਪਿੰਡ ਦੀ ਬੱਚੀ ਜਿਸ ਦੀਆਂ ਅੱਖਾਂ ਦੀ ਰੌਸ਼ਨੀ ਜਾ ਚੁੱਕੀ ਸੀ। ਸਾਰੇ ਪਾਸੇ ਤੋਂ ਹਾਰ ਕੇ ਜਦ ਉਹ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਆਈ ਤਾਂ ਗੁਰੂ ਸਾਹਿਬ ਦੀ ਬਖਸ਼ਿਸ਼ ਸਦਕਾ ਉਸ ਦੀਆਂ ਅੱਖਾਂ ਦੀ ਰੌਸ਼ਨੀ ਪਰਤ ਆਈ। ਇਸੇ ਤਰ੍ਹਾਂ ਗੁਜਰਾਤ ਦੇ ਸੂਰਤ ਦਾ ਰਹਿਣ ਵਾਲਾ ਇੱਕ ਨਾਸਾ ਵਿਗਿਆਨੀ ਜਿਸ ਦਾ ਨਾਮ ਵਾਸੂ ਭਾਰਦਵਾਜ ਹੈ, ਦਿਮਾਗੀ ਕੈਂਸਰ ਦੀ ਬੀਮਾਰੀ ਨਾਲ ਪੀੜਤ ਸੀ। ਉਸ ਦਾ ਚਿਹਰਾ ਬੁਰੀ ਤਰ੍ਹਾਂ ਸੁੱਜ ਚੁੱਕਾ ਸੀ। ਜਦ ਡਾਕਟਰਾਂ ਨੇ ਉਸ ਨੂੰ ਜਵਾਬ ਦੇ ਦਿੱਤਾ ਕਿ ਉਹ ਕੁਝ ਦਿਨ ਦਾ ਮਹਿਮਾਨ ਹੈ ਤਾਂ ਪਰਿਵਾਰ ਦੇ ਜ਼ੋਰ ਦੇਣ 'ਤੇ ਉਹ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ ਆਇਆ ਅਤੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕਰਵਾਇਆ। ਉਸ ਦੇ ਦੱਸਣ ਅਨੁਸਾਰ ਸ੍ਰੀ ਅਖੰਡ ਪਾਠ ਸਾਹਿਬ ਦੀ ਸਮਾਪਤੀ ਤੋਂ ਪਹਿਲਾਂ ਹੀ ਉਸ ਨੂੰ ਅਹਿਸਾਸ ਹੋਇਆ ਕਿ ਕੋਈ ਅਦਿੱਖ ਸ਼ਕਤੀ ਉਸ ਅੰਦਰ ਨਵੇਂ ਜੀਵਨ ਦੀ ਕਿਰਨ ਪੈਦਾ ਕਰ ਰਹੀ ਹੈ। ਗੁਰੂ ਬਖਸ਼ਿਸ਼ ਸਦਕਾ ਉਹ ਬਿਲਕੁਲ ਠੀਕ ਹੋ ਕੇ ਨਿਰੋਗ ਜੀਵਨ ਜੀਅ ਰਿਹਾ ਹੈ। ਸੂਰਤ ਦਾ ਉਹ ਵਿਗਿਆਨੀ ਹੁਣ ਤਕ ਇਸ ਦਾ ਪ੍ਰਚਾਰ ਕਰ ਰਿਹਾ ਹੈ। ਅਨੇਕਾਂ ਸਟੇਜਾਂ 'ਤੇ ਉਹ ਆਪਣੀ ਵਿਥਿਆ ਸਾਂਝੀ ਕਰ ਚੁਕਾ ਹੈ ਤੇ ਕਰ ਰਿਹਾ ਹੈ।

ਤਾਜਾ ਘਟਨਾ ੨੩ ਫਰਵਰੀ ੨੦੧੬ ਦੀ ਹੈ, ਜਦੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਵਿਖੇ ਰਾਤ ਦੀ ਸਮਾਪਤੀ ਦੀ ਅਰਦਾਸ ਹੋ ਰਹੀ ਸੀ ਤਾਂ ਜੰਮੂ ਨਿਵਾਸੀ ਇੱਕ ਸ਼ਰਧਾਲੂ ਸਿੱਖ ਸ. ਅਵਤਾਰ ਸਿੰਘ ਆਪਣੇ ਲੜਕੇ ਕਾਕਾ ਪਰਮਿੰਦਰ ਸਿੰਘ ਜੋ ਚੱਲਣ ਫਿਰਨ ਅਤੇ ਬੋਲਣ ਤੋਂ ਅਸਮਰੱਥ ਸੀ ਨੂੰ ਨਾਲ ਲੈ ਕੇ ਗੁਰੂ ਦਰਬਾਰ ਪਹੁੰਚਿਆ। ਵੀਲ ਚੇਅਰ 'ਤੇ ਬਿਠਾ ਕੇ ਪਰਕਰਮਾ ਰਾਹੀਂ ਇਸ ਲੜਕੇ ਨੂੰ ਦਰਸ਼ਨੀ ਡਿਓੜੀ ਤਕ ਲਿਜਾਇਆ ਗਿਆ। ਇਥੋਂ

ਸੇਵਾਦਾਰਾਂ ਵੱਲੋਂ ਚੁੱਕ ਕੇ ਇਸ ਲੜਕੇ ਨੂੰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਦਰਸ਼ਨ ਕਰਨ ਲਈ ਪਹੁੰਚਾਇਆ ਗਿਆ। ਉਸ ਵਕਤ ਅਰਦਾਸ ਹੋ ਰਹੀ ਸੀ। ਬੱਚੇ ਦੇ ਪਿਤਾ ਅਤੇ ਸੇਵਾਦਾਰਾਂ ਨੇ ਬੱਚੇ ਨੂੰ ਖੜ੍ਹਾ ਕਰਨ ਦੀ ਕੋਸ਼ਿਸ਼ ਕੀਤੀ ਪਰ ਉਹ ਖੜ੍ਹਾ ਨਹੀਂ ਹੋ ਸਕਿਆ। ਸੇਵਾਦਾਰਾਂ ਵੱਲੋਂ ਦੋ ਵਾਰ ਕੋਸ਼ਿਸ਼ ਤੋਂ ਬਾਅਦ ਉਹ ਨੂੰ ਬਿਠਾ ਦਿੱਤਾ ਗਿਆ ਪਰ ਕੁਝ ਸਮਾਂ ਪਿੱਛੋਂ ਲੜਕੇ ਨੇ ਆਪ ਫਿਰ ਕੋਸ਼ਿਸ਼ ਕੀਤੀ ਅਤੇ ਉਹ ਅਰਦਾਸ ਵਿਚ ਖੜ੍ਹਾ ਹੋ ਗਿਆ। ਸੀ.ਸੀ.ਟੀ.ਵੀ. ਵਿਚ ਕੈਦ ਇਨ੍ਹਾਂ ਪਲਾਂ ਨੂੰ ਨਿਹਾਰਦਿਆਂ ਪ੍ਰਤੱਖ ਹੁੰਦਾ ਹੈ ਕਿ ਗੁਰੂ ਦੀ ਬਖਸ਼ਿਸ਼ ਨਾਲ ਖੜ੍ਹਾ ਹੋਣ ਉਪਰੰਤ ਉਹ ਆਪਣੀਆਂ ਲੱਤਾ ਨੂੰ ਹੈਰਾਨੀ ਨਾਲ ਬਾਰ-ਬਾਰ ਦੇਖਦਾ ਰਿਹਾ। ਪਰਿਵਾਰ ਦੇ ਦੱਸਣ ਅਨੁਸਾਰ ਜਦੋਂ ਇਸ ਬੱਚੇ ਨੇ ਕੜਾਹ ਪ੍ਰਸ਼ਾਦ ਲੈ ਕੇ ਛਕਿਆ ਤਾਂ ਉਹ ਬੋਲਣ ਵੀ ਲਗ ਪਿਆ।

ਇਸੇ ਤਰ੍ਹਾਂ ਅਨੇਕਾਂ ਹੋਰ ਘਟਨਾਵਾਂ ਹਨ ਜੋ ਗੁਰੂ ਦੀ ਰਹਿਮਤ ਨੂੰ ਦਰਸਾਉਂਦੀਆਂ ਹਨ। ਗੁਰੂ ਪਾਤਸ਼ਾਹ ਦੇ ਇਸ ਦਰ ਤੋਂ ਲਾਇਲਾਜ ਬੀਮਾਰੀਆਂ ਨਾਲ ਪੀੜਤ ਅਨੇਕਾਂ ਲੋਕ ਗੁਰੂ ਜੀ ਦੀ ਕ੍ਰਿਪਾ ਦੇ ਪਾਤਰ ਬਣਦੇ ਰਹੇ ਹਨ। ਅੱਜ ਸ਼ਰਧਾ ਨਾਲ ਆਇਆ ਇਹ ਬੱਚਾ ਜੋ ਆਉਣ ਸਮੇਂ ਵੀਲ੍ਹ ਚੇਅਰ 'ਤੇ ਸੀ ਪਰ ਜਾਣ ਸਮੇਂ ਗੁਰੂ ਜੀ ਦੀ ਕ੍ਰਿਪਾ ਸਦਕਾ ਆਪਣੇ ਪੈਰਾਂ 'ਤੇ ਚੱਲ ਕੇ ਗਿਆ। ਇਸ ਤੋਂ ਪ੍ਰਤੱਖ ਹੁੰਦਾ ਹੈ ਕਿ ਪਰਮਾਤਮਾ ਦੀ ਰਹਿਮਤ ਦਾ ਵਰਤਾਰਾ ਲਗਾਤਾਰ ਵਰਤਦਾ ਹੈ, ਲੋੜ ਆਪਣੇ-ਆਪ ਨੂੰ ਉਸ ਰਹਿਮਤ ਦੇ ਪਾਤਰ ਬਣਾਉਣ ਦੀ ਹੈ।

■

## ਵੱਖ-ਵੱਖ ਥਾਵਾਂ 'ਤੇ ਗੁਰਮਤਿ ਤੇ ਅੰਮ੍ਰਿਤ-ਸੰਚਾਰ ਸਮਾਗਮ

ਭਾਈ ਗੁਰਬਚਨ ਸਿੰਘ ਕਲਸੀਆਂ ਪ੍ਰਚਾਰਕ ਵੱਲੋਂ ਪੁੱਜੀਆਂ ਰਿਪੋਰਟਾਂ ਅਨੁਸਾਰ ਧਰਮ ਪ੍ਰਚਾਰ ਕਮੇਟੀ ਵੱਲੋਂ ਵੱਖ-ਵੱਖ ਥਾਵਾਂ 'ਤੇ ਗੁਰਮਤਿ ਤੇ ਅੰਮ੍ਰਿਤ-ਸੰਚਾਰ ਸਮਾਗਮ ਕਰਵਾਏ ਗਏ। ੨੯ ਨਵੰਬਰ ੨੦੧੫ ਨੂੰ ਪਿੰਡ ਸ਼ੇਖ ਜ਼ਿਲ੍ਹਾ ਤਰਨ ਤਾਰਨ ਵਿਖੇ ਕਰਵਾਏ ਗਏ ਗੁਰਮਤਿ ਸਮਾਗਮ ਸਮੇਂ ਹੋਏ ਅੰਮ੍ਰਿਤ-ਸੰਸਾਰ ਸਮੇਂ ੬੫ ਪ੍ਰਾਣੀਆਂ ਨੇ ਅੰਮ੍ਰਿਤਪਾਨ ਕੀਤਾ।

ਇਸੇ ਤਰ੍ਹਾਂ ਗੁਰਦੁਆਰਾ ਸ਼ਹੀਦ ਭਾਈ ਤਾਰਾ ਸਿੰਘ ਵਾਂ ਜ਼ਿਲ੍ਹਾ ਤਰਨ ਤਾਰਨ ਵਿਖੇ ੧੪-੧੫ ਜਨਵਰੀ ੨੦੧੬ ਨੂੰ ਗੁਰਮਤਿ ਤੇ ਅੰਮ੍ਰਿਤ-ਸੰਚਾਰ ਸਮਾਗਮ ਕਰਵਾਇਆ ਗਿਆ। ਗੁਰਮਤਿ ਸਮਾਗਮ ਸਮੇਂ ਵੱਖ-ਵੱਖ ਢਾਡੀ, ਕਵੀਸ਼ਰ ਤੇ ਪ੍ਰਚਾਰਕ ਸਿੰਘਾਂ ਨੇ ਸੰਗਤਾਂ ਨਾਲ ਇਤਿਹਾਸ ਦੀ ਸਾਂਝ ਪਾਈ। ਇਸ ਮੌਕੇ ਹੋਏ ਅੰਮ੍ਰਿਤ-ਸੰਚਾਰ ਸਮੇਂ ੯੫ ਪ੍ਰਾਣੀਆਂ ਨੇ ਅੰਮ੍ਰਿਤਪਾਨ ਕੀਤਾ।

ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਜਨਮ ਅਸਥਾਨ ਪਹੂਵਿੰਡ ਵਿਖੇ ਬਾਬਾ ਜੀ ਦੇ ਜਨਮ ਦਿਹਾੜੇ ਦੀ ਖੁਸ਼ੀ ਵਿਚ ਗੁਰਮਤਿ ਸਮਾਗਮ ਤੇ ਅੰਮ੍ਰਿਤ-ਸੰਚਾਰ ਕਰਵਾਇਆ ਗਿਆ। ਇਸ ਮੌਕੇ ੮੩ ਪ੍ਰਾਣੀਆਂ ਨੇ ਅੰਮ੍ਰਿਤਪਾਨ ਕੀਤਾ। ਸਾਰੇ ਸਮਾਗਮਾਂ ਸਮੇਂ ਅੰਮ੍ਰਿਤ ਅਭਿਲਾਖੀਆਂ ਨੂੰ ਕਕਾਰ ਧਰਮ ਪ੍ਰਚਾਰ ਕਮੇਟੀ ਵੱਲੋਂ ਭੇਟਾ-ਰਹਿਤ ਦਿੱਤੇ ਗਏ। ਇਨ੍ਹਾਂ ਸਮਾਗਮਾਂ ਵਿਚ ਸ. ਵਿਰਸਾ ਸਿੰਘ ਵਲਟੋਹਾ ਸੰਸਦੀ ਸਕੱਤਰ, ਭਾਈ ਮਨਜੀਤ ਸਿੰਘ ਮੈਂਬਰ ਸ਼੍ਰੋਮਣੀ ਕਮੇਟੀ, ਸ. ਸੁਖਦੇਵ ਸਿੰਘ ਭੂਰਾ ਕੋਹਨਾ ਤੇ ਸ. ਹਰਭਜਨ ਸਿੰਘ ਮਨਾਵਾਂ ਐਡੀ. ਸਕੱਤਰ, ਭਾਈ ਹੀਰਾ ਸਿੰਘ ਮਨਿਹਾਲਾ ਪ੍ਰਚਾਰਕ ਅਤੇ ਗਿਆਨੀ ਸੁਖਵੰਤ ਸਿੰਘ ਆਦਿ ਨੇ ਹਾਜ਼ਰੀ ਭਰੀ।

# ਸ੍ਰੀ ਅਨੰਦਪੁਰ ਸਾਹਿਬ ਪੁਰਾਤਨ ਸਿੱਖ ਇਤਿਹਾਸਕ ਗ੍ਰੰਥਾਂ ਵਿਚ

*-ਡਾ. ਧਰਮ ਸਿੰਘ**

ਇਤਿਹਾਸ ਨੇ ਬਾਰ-ਬਾਰ ਇਹ ਸਾਬਤ ਕੀਤਾ ਹੈ ਕਿ ਪੰਜਾਬ ਜਿਊਂਦਾ ਵੀ ਅਤੇ ਵੱਸਦਾ ਵੀ ਗੁਰਾਂ ਦੇ ਨਾਂ ਉੱਪਰ ਹੈ। ਪੰਜਾਬ ਨੂੰ ਗੁਰੂ ਸਾਹਿਬਾਨ ਦੀ ਦੇਣ ਅਨਮੋਲ ਵੀ ਹੈ ਅਤੇ ਅਮੁੱਲ ਵੀ, ਜਿਸ ਦਾ ਬਖਾਨ ਸਦੀਆਂ ਤੋਂ ਹੁੰਦਾ ਆ ਰਿਹਾ ਹੈ ਅਤੇ ਭਵਿੱਖ ਵਿਚ ਹੁੰਦਾ ਵੀ ਰਹੇਗਾ। ਇਤਿਹਾਸ ਤੋਂ ਇਲਾਵਾ ਇਸ ਖਿੱਤੇ ਦੇ ਦਰਸ਼ਨ, ਕਲਾ, ਭਾਸ਼ਾ, ਸਾਹਿਤ, ਸਭਿਆਚਾਰ, ਨਗਰਕਾਰੀ ਅਤੇ ਨਗਰ ਯੋਜਨਾਬੰਦੀ, ਗੱਲ ਕੀ ਹਰ ਖੇਤਰ ਵਿਚ ਗੁਰੂ ਸਾਹਿਬਾਨ ਦੀ ਸ਼ਖ਼ਸੀਅਤ ਅਤੇ ਵਿਚਾਰਾਂ ਦਾ ਪ੍ਰਭਾਵ ਮਿਲੇਗਾ। ਇਥੇ ਅਸੀਂ ਆਪਣੀ ਗੱਲ ਕੇਵਲ ਨਗਰਕਾਰੀ ਤਕ ਹੀ ਸੀਮਿਤ ਰੱਖਾਂਗੇ। ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਕਰਤਾਰਪੁਰ (ਰਾਵੀ) ਵਸਾਉਣ ਨਾਲ ਸ਼ੁਰੂ ਹੋਇਆ ਇਹ ਸਿਲਸਿਲਾ ਦਸਮ ਗੁਰੂ ਜੀ ਤਕ ਨਿਰੰਤਰ ਜਾਰੀ ਰਿਹਾ।

ਗੁਰੂ ਸਾਹਿਬਾਨ ਵੱਲੋਂ ਜੋ ਨਗਰ ਪੰਜਾਬ ਵਿਚ ਵਸਾਏ ਗਏ ਜਾਂ ਜਿਨ੍ਹਾਂ ਪੁਰਾਤਨ ਸਹਿਰਾਂ ਨੂੰ ਗੁਰੂ-ਛੋਹ ਪ੍ਰਾਪਤ ਹੋਈ, ਉਨ੍ਹਾਂ ਵਿੱਚੋਂ ਕੁਝ ਸ਼ਹਿਰਾਂ ਦਾ ਧਾਰਮਿਕ, ਸਭਿਆਚਾਰਕ, ਦਾਰਸ਼ਨਿਕ ਅਤੇ ਸੰਸਾਰਕ ਮਹੱਤਵ ਨਿਸ਼ਚੇ ਹੀ ਬਾਕੀ ਸ਼ਹਿਰਾਂ ਨਾਲੋਂ ਵਧੇਰੇ ਹੈ। ਇਨ੍ਹਾਂ ਸ਼ਹਿਰਾਂ ਵਿੱਚੋਂ ਸ੍ਰੀ ਨਨਕਾਣਾ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ ਅਤੇ ਸ੍ਰੀ ਅਨੰਦਪੁਰ ਸਾਹਿਬ ਵਿਸ਼ੇਸ਼ ਹਨ। ਵਧੇਰੇ ਸ਼ਹਿਰ ਸਿੱਖੀ ਦੇ ਕੇਂਦਰਾਂ ਵਜੋਂ ਵਸਾਏ ਗਏ ਪਰ ਸ੍ਰੀ ਨਨਕਾਣਾ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ ਅਤੇ ਸ੍ਰੀ ਅਨੰਦਪੁਰ ਸਾਹਿਬ ਨੂੰ ਮੈਂ ਵਿਸ਼ੇਸ਼ ਮਹੱਤਵ ਇਸ ਕਰਕੇ ਦੇ ਰਿਹਾ ਹਾਂ ਕਿਉਂਕਿ ਇਨ੍ਹਾਂ ਤਿੰਨਾਂ ਸ਼ਹਿਰਾਂ ਵਿਚ ਗੁਰਮਤਿ ਦਰਸ਼ਨ ਨਿੰਮ ਕੇ ਵਿਕਾਸ ਦੇ ਪੰਧ ਤੈਅ ਕਰਦਾ ਹੋਇਆ ਆਪਣੀ ਸਿਖਰ ਨੂੰ ਪਹੁੰਚਾ। ਸ੍ਰੀ ਨਨਕਾਣਾ ਸਾਹਿਬ ਆਦਿ ਗੁਰੂ, ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ ਅਸਥਾਨ ਹੋਣ ਦੇ ਨਾਲ-ਨਾਲ ਗੁਰਮਤਿ ਦਰਸ਼ਨ ਦਾ ਜਨਮ ਅਸਥਾਨ ਵੀ ਹੈ। ਸ੍ਰੀ ਅੰਮ੍ਰਿਤਸਰ ਵਿਚ ਇਹ ਦਰਸ਼ਨ ਲਿਖਿਤ ਅਤੇ ਸੰਪਾਦਿਤ ਰੂਪ ਹੋਣ ਕਰਕੇ ਸਥਿਰ ਹੋਇਆ ਅਤੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਇਸਨੇ ਉਸ ਪੰਥ ਦੀ ਸਿਰਜਣਾ ਕਰ ਵਿਖਾਈ ਜਿਸ ਦੀ ਕਲਪਨਾ ਕਦੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕੀਤੀ ਸੀ। ਦੂਜੇ ਸ਼ਬਦਾਂ ਵਿਚ ਕਹਿਣਾ ਹੋਵੇ ਤਾਂ ਅਸੀਂ ਕਹਾਂਗੇ ਕਿ ਜਿਨ੍ਹਾਂ ਸਿਧਾਂਤਾਂ ਜਾਂ ਅਸੂਲਾਂ ਦੀ ਨੀਂਹ ਸ੍ਰੀ ਨਨਕਾਣਾ ਸਾਹਿਬ ਵਿਚ ਧਰੀ ਗਈ ਸੀ, ਸ੍ਰੀ ਅਨੰਦਪੁਰ ਸਾਹਿਬ ਵਿਖੇ ਉਨ੍ਹਾਂ ਸਿਧਾਂਤਾਂ ਦਾ ਸਥੂਲ ਅਤੇ ਵਿਹਾਰਕ ਰੂਪ ਸਾਮ੍ਹਣੇ ਆਇਆ। ਇਸੇ ਲਈ ਮੈਂ ਸ੍ਰੀ ਅਨੰਦਪੁਰ ਸਾਹਿਬ ਨੂੰ ਇਕ ਸ਼ਹਿਰ ਮਾਤਰ ਨਾ ਮੰਨ ਕੇ ਇਸ ਨੂੰ ਗੁਰਮਤਿ ਦਰਸ਼ਨ ਅਤੇ ਜੀਵਨ-ਜਾਚ ਦਾ ਸਿਖਲਾਈ ਕੇਂਦਰ ਮੰਨਦਾ ਹਾਂ। ਸ੍ਰੀ ਅਨੰਦਪੁਰ ਸਾਹਿਬ ਦੇ ਨਾਂ ਵਿਚ ਇਸ ਦੀ ਸਥਾਪਨਾ ਦਾ ਮਨੋਰਥ ਛੁਪਿਆ ਹੋਇਆ ਹੈ ਅਰਥਾਤ ਉਹ ਨਗਰ ਜੋ ਹਰ ਪ੍ਰਕਾਰ ਦੀ ਬੁਰਿਆਈ ਤੋਂ ਪਾਕ ਖੁਸ਼ੀ, ਅਨੰਦ ਅਤੇ ਖੇੜਿਆਂ ਵਾਲਾ ਨਗਰ ਹੈ। ਸ੍ਰੀ ਅਨੰਦਪੁਰ ਸਾਹਿਬ ਦੀ ਸਥਾਪਨਾ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਮਾਖੋਵਾਲ ਪਿੰਡ ਦੀ ਧਰਤੀ ਖਰੀਦ ਕੇ ਕੀਤੀ ਸੀ। ਇਸ ਨਗਰ ਵਿਚ ਸੰਨ ੧੬੯੯ ਈ. ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਸਾਜਿਆ ਅਤੇ ਉਦੋਂ ਤੋਂ ਇਹ 'ਖ਼ਾਲਸੇ ਦੀ ਜਨਮ ਭੂਮੀ' ਵਜੋਂ ਪ੍ਰਸਿੱਧ ਹੈ। ਇਥੇ ਹੀ ਦਸਮ ਪਾਤਸ਼ਾਹ ਨੇ ਖ਼ਾਲਸੇ ਨੂੰ ਧਰਮ-ਯੁੱਧ ਲਈ ਸੈਨਿਕ ਸਿਖਲਾਈ ਦਿੱਤੀ ਅਤੇ ਸਿੱਖਾਂ ਦੇ ਮਨੋਬਲ ਨੂੰ ਉੱਚਾ ਚੁੱਕਣ ਲਈ ਬੀਰ ਰਸੀ ਸਾਹਿਤ ਦੀ ਰਚਨਾ ਕੀਤੀ ਅਤੇ ਕਰਵਾਈ।

ਸ੍ਰੀ ਅਨੰਦਪੁਰ ਸਾਹਿਬ ਬਾਰੇ, ਜਿਸ ਦੇ ਕਿ ਹੋਰ ਨਾਂ 'ਚੱਕ ਨਾਨਕੀ' ਅਤੇ 'ਮਾਖੋਵਾਲ' ਵੀ ਮਿਲਦੇ ਹਨ,

---

**ਪ੍ਰੋ. ਤੇ ਸਾਬਕਾ ਮੁਖੀ, ਪੰਜਾਬੀ ਅਧਿਐਨ ਸਕੂਲ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।*

ਪੁਰਾਤਨ ਸਿੱਖ ਇਤਿਹਾਸਕ ਗ੍ਰੰਥਾਂ ਵਿਚ ਕਈ ਵੇਰਵੇ ਮਿਲਦੇ ਹਨ। ਇਹ ਵੇਰਵੇ ਜ਼ਮੀਨ ਖਰੀਦਣ ਤੋਂ ਲੈ ਕੇ ਇਸ ਦੇ ਨਾਮਕਰਣ, ਵਸੇਬੇ, ਵਿਸਤਾਰ ਅਤੇ ਕੁਦਰਤੀ ਸੁੰਦਰਤਾ ਬਾਰੇ ਹਨ। ਜਿਵੇਂ :

**ਅਨੰਦਪੁਰ ਨਾਵ ਤਹਾ ਕਾ ਰਾਖਾ। ਸ੍ਰੀ ਮੁਖ ਸਿਉ ਸਤਗੁਰ ਜੀ ਭਾਖਾ।**
**ਤਹਾ ਡੇਰਾ ਸਤਿਗੁਰ ਜੀ ਕੀਨਾ। ਆ ਅਸਥਾਨ ਸਭ ਸੰਗਤ ਚੀਨਾ।**
**ਸਦਾ ਅਨੰਦ ਪ੍ਰਕਾਸ਼ ਅਨੰਦਪੁਰ ਬਾਸ ਮੋ। ਗੁਰ ਦਰਸ਼ਨ ਪ੍ਰਤਾਪ ਲਹਤਿ ਸੁਖ ਸਾਰ ਕੋ।**

*(ਮਹਿਮਾ ਪ੍ਰਕਾਸ਼)*

ਗੁਰੂ ਜੀ ਦੇ ਇਥੇ ਨਿਵਾਸ ਨਾਲ ਦੂਰ-ਦੁਰਾਡਿਉਂ ਸੰਗਤ ਦਰਸ਼ਨਾਂ ਨੂੰ ਆਉਣ ਲੱਗੀ। "ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ ਰਾਮ ਰਾਜੇ" ਦੇ ਮੁਖਵਾਕ ਅਨੁਸਾਰ ਸ੍ਰੀ ਅਨੰਦਪੁਰ ਸਾਹਿਬ ਵਿਚ ਰੌਣਕਾਂ ਵਧਣ ਲੱਗੀਆਂ ਅਤੇ ਸ਼ਹਿਰ ਬੈਕੁੰਠ ਦੀ ਨਿਆਈਂ ਲੱਗਣ ਲੱਗਾ। ਸੰਗਤ ਲਈ ਲੰਗਰ ਦਾ ਪ੍ਰਵਾਹ ਚੱਲ ਪਿਆ:

**ਵਹੀ ਠਉਰ ਬੈਕੁੰਠ ਜਹਾ ਸਤਗੁਰ ਰਹੇ।**
**ਵਹੀ ਸੰਤ ਸਿਧ ਸਾਧ ਜਹਾਂ ਸਤ ਬਚਨ ਕਹੇ।**
**ਕਰਾ ਆਨ ਸੋ ਆਨੰਦਪੁਰ ਹੋਤ ਧਰਮ ਕੇ ਕਾਮ**
**ਬਹੁਤ ਲੰਗਰ ਹੋਵਤਿ ਤਹਾਂ ਕਰਤਿ ਸਿਖ ਅਭਿਰਾਮ।** *(ਮਹਿਮਾ ਪ੍ਰਕਾਸ਼)*

ਨਗਰ ਦੀ ਸੋਭਾ ਦੂਰ-ਦੁਰਾਡੇ ਫੈਲਣ ਲੱਗੀ। ਦੂਜੇ ਥਾਵਾਂ ਤੋਂ ਆਣ ਕੇ ਲੋਕੀਂ ਇਥੇ ਵਸਣ ਲੱਗੇ, ਵਪਾਰ ਵਧਣ ਲੱਗਾ ਅਤੇ ਵੇਖਦਿਆਂ-ਵੇਖਦਿਆਂ ਸ੍ਰੀ ਅਨੰਦਪੁਰ ਸਾਹਿਬ ਪ੍ਰਕਿਰਤੀ ਦੀ ਗੋਦ ਵਿਚ ਵੱਸਿਆ, ਪਹਾੜਾਂ ਵਿਚ ਘਿਰਿਆ ਅਤੇ ਸਤਲੁਜ ਦੇ ਕਲ-ਕਲ ਕਰਦੇ ਪਾਣੀਆਂ ਦੇ ਕੰਢੇ ਵੱਸਿਆ ਗੁਰਮਤਿ ਪ੍ਰਚਾਰ ਦੇ ਇੱਕ ਕੇਂਦਰ ਵਜੋਂ ਵਿਕਸਿਤ ਹੋਣ ਲੱਗਾ:

**ਮਾਖੋਵਾਲ ਸੁਹਾਵਨਾ ਸਤਿਗੁਰ ਕੋ ਅਸਥਾਨ।**
**ਲੀਲਾ ਅਨਕ ਅਨੇਕ ਬਿਧਿ ਕਉਤਕ ਕਰਤ ਬਿਆਨ।**
**ਪੁਰ ਅਨੰਦ ਗੋਬਿੰਦ ਸਿੰਘ ਗੁਰ ਅਬ ਕਬਿ ਕਰਤ ਬਖਾਣ।**
**ਗਿਰਦ ਅਪਾਰ ਪਹਾਰ ਅਤਿ ਸਤਿਲੁਦ੍ਰ ਤਟਿ ਸੁਭ ਅਸਥਾਨ।** *(ਗੁਰ ਸੋਭਾ)*

ਸ੍ਰੀ ਅਨੰਦਪੁਰ ਸਾਹਿਬ ਦੀ ਕੁਦਰਤੀ ਸੁੰਦਰਤਾ, ਚਹਿਲ-ਪਹਿਲ ਸੰਗਤਾਂ ਦੀਆਂ ਸਰਗਰਮੀਆਂ ਆਦਿ ਤੋਂ ਬਾਅਦ ਇਥੋਂ ਦੀ ਦੂਜੀ ਮਹੱਤਵਪੂਰਨ ਘਟਨਾ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਸਮੇਂ ਧੜ ਤੋਂ ਅਲੱਗ ਹੋਏ ਸੀਸ ਨੂੰ ਭਾਈ ਜੈਤਾ ਜੀ ਦੁਆਰਾ ਇਥੇ ਲਿਆਉਣਾ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਖ਼ਾਲਸਾ ਦੀ ਸਾਜਨਾ ਕਰਨਾ ਹੈ। ਕੇਸਰ ਸਿੰਘ ਛਿੱਬਰ ਲਿਖਦਾ ਹੈ :

**ਅਤੇ ਸੀਸ ਭਾਈ ਨਾਨੋ ਸਿਖ ਰੰਘਰੇਟੇ ਨੂੰ ਕਹਿਆ।**
**ਕਿਵੇਂ ਮਾਖੋਵਾਲ ਪਹੁੰਚੇ ਰੰਘਰੇਟਾ ਸੁਣ ਕੇ ਹੈਰਾਨ ਹੋਇ ਰਹਿਆ।**
**ਆਨ ਸੀਸ ਸਾਹਿਬ ਦੇ ਅਗੇ ਧਰਿਆ।**

*(ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ)*

ਰਤਨ ਸਿੰਘ ਭੰਗੂ ਨੇ ਆਪਣੇ ਪ੍ਰਸਿੱਧ ਗ੍ਰੰਥ 'ਪ੍ਰਾਚੀਨ ਪੰਥ ਪ੍ਰਕਾਸ਼' ਵਿਚ 'ਅਨੰਦਪੁਰ ਦੀ ਸਾਖੀ' ਅਤੇ 'ਅਨੰਦਪੁਰ ਜੰਗ' ਦੋ ਸਾਖੀਆਂ ਵਿਚ ਜਿਥੇ ਪ੍ਰਤੱਖ ਰੂਪ ਵਿਚ ਇਥੋਂ ਦੀਆਂ ਘਟਨਾਵਾਂ ਬਿਆਨ ਕੀਤੀਆਂ ਹਨ, ਉਥੇ 'ਖਾਲਸਾ ਕਿਉਂ ਸਾਜਿਆ', 'ਅੰਮ੍ਰਿਤ ਸੰਸਕਾਰ' ਅਤੇ ਇੱਕ ਦੋ ਹੋਰ ਸਾਖੀਆਂ ਵੀ ਕਾਵਿ-ਬੱਧ ਕੀਤੀਆਂ ਹਨ। ਅਨੰਦਪੁਰ ਸਾਹਿਬ ਦੀ ਸਾਖੀ ਵਿਚ ਮਸੰਦਾਂ ਨੂੰ ਸੋਧਣ ਦੀ ਗੱਲ ਹੈ, ਜਦ ਕਿ ਅਨੰਦਪੁਰ ਸਾਹਿਬ ਦੀ ਜੰਗ ਵਿਚ ਪਹਾੜੀ ਰਾਜਿਆਂ ਅਤੇ ਮੁਗਲਾਂ ਦੀਆਂ ਫ਼ੌਜਾਂ ਵੱਲੋਂ ਸ੍ਰੀ ਅਨੰਦਪੁਰ ਸਾਹਿਬ ਦੀ ਘੇਰਾਬੰਦੀ, ਘਮਸਾਨ ਦੀ ਲੜਾਈ, ਸ਼ਹਿਰ ਨੂੰ

ਛੱਡਣ, ਪਰਿਵਾਰ ਵਿਛੋੜਾ ਅਤੇ ਗੁਰੂ ਸਾਹਿਬ ਦਾ ਸਾਹਿਬਜ਼ਾਦਿਆਂ ਅਤੇ ਰੋਪੜ ਦੇ ਰਸਤੇ ਸ੍ਰੀ ਚਮਕੌਰ ਸਾਹਿਬ ਵੱਲ ਪ੍ਰਸਥਾਨ ਕਰਨਾ ਆਦਿ। ਮਸੰਦਾਂ ਨੂੰ ਸੋਧਣ ਦੀ ਪ੍ਰਕਿਰਿਆ ਬਾਰੇ ਭੰਗੂ ਲਿਖਦਾ ਹੈ:

**ਸਤਿਗੁਰ ਹੁਕਮ ਖਾਲਸੇ ਭਯੋ। ਮਸੰਦ ਭੇਦ ਚੰਤੀ ਨਰ ਦਯੋ।**

ਗੁਰੂ ਸਾਹਿਬ ਵੱਲੋਂ ਸ੍ਰੀ ਅਨੰਦਪੁਰ ਸਾਹਿਬ ਛੱਡਣ ਸਮੇਂ ਮੁਗ਼ਲ ਫ਼ੌਜ ਨੇ ਸਾਰੀਆਂ ਕਸਮਾਂ ਅਤੇ ਵਾਅਦੇ ਤੋੜ ਕੇ ਖਾਲਸੇ ਦਾ ਪਿੱਛਾ ਕੀਤਾ, ਫ਼ੌਜਕਸ਼ੀ ਕਰਕੇ ਚੋਖਾ ਨੁਕਸਾਨ ਕੀਤਾ ਅਤੇ ਇਸ ਅਫ਼ਰਾ-ਤਫ਼ਰੀ ਵਿਚ ਜਿਸ ਤਰ੍ਹਾਂ ਵੀ ਹੋਇਆ, ਹਰ ਕਿਸੇ ਨੇ ਆਪਣਾ ਬਚਾਅ ਕੀਤਾ। ਗੁਰੂ ਸਾਹਿਬ ਵੱਡੇ ਸਾਹਿਬਜ਼ਾਦਿਆਂ ਸਮੇਤ ਰੋਪੜ ਵੱਲ ਚਲੇ ਗਏ ਜਿਥੋਂ ਇਨ੍ਹਾਂ ਚਮਕੌਰ ਸਾਹਿਬ ਨੂੰ ਪ੍ਰਸਥਾਨ ਕੀਤਾ :

**ਸਾਹਿਬਜ਼ਾਦੇ ਸਭਨ ਲੈ ਸਾਥ ਤਿਆਰੀ ਕੀਨ।**
**ਸਮੇਂ ਸੰਝ ਤੇ ਅਨੰਦਪੁਰੋਂ ਤੁਰੇ ਰੋਪੜ ਵੱਲ ਚੀਨ,**
**ਨਿਡਰ ਸਿੰਘ ਤੇ ਪੀਛੇ ਲਗਾਏ। ਨਾਮਦਾਰ ਥੇ ਜੋ ਗੁਰ ਭਾਏ।**
**ਇਸੀ ਤੌਰ ਕੁਛ ਮੁਹਰੇ ਕੀਏ। ਕਿਛਕ ਦੁਵੱਲੀ ਤੇ ਕਰ ਦੀਏ।**

ਸਰੂਪ ਦਾਸ ਭੱਲਾ ਰਚਿਤ 'ਮਹਿਮਾ ਪ੍ਰਕਾਸ਼' (ਭਾਗ ਦੂਜਾ) ਵੀ ਮੱਧਕਾਲ ਦੇ ਪ੍ਰਸਿੱਧ ਇਤਿਹਾਸਕ ਗ੍ਰੰਥਾਂ ਵਿਚ ਸ਼ੁਮਾਰ ਹੁੰਦਾ ਹੈ। ਇਸ ਗ੍ਰੰਥ ਵਿਚ ਸ੍ਰੀ ਗੁਰੂ ਅੰਗਦ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਕ ਗੁਰੂ ਸਾਹਿਬਾਨ ਦੀ ਜੀਵਨ ਘਟਨਾਵਲੀ ਕਵਿਤਾ ਵਿਚ ਕਾਵਿ-ਬੱਧ ਕੀਤੀ ਗਈ ਹੈ। ਸਾਖੀਆਂ ਪਾਤਸ਼ਾਹੀ ੧੦ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸ੍ਰੀ ਅਨੰਦਪੁਰ ਸਾਹਿਬ ਸਮੇਂ ਦੀਆਂ ਰੌਣਕਾਂ ਅਤੇ ਉਨ੍ਹਾਂ ਦੇ ਨਿਤ ਦੇ ਰੁਝੇਵਿਆਂ ਦਾ ਸੰਖੇਪ ਹਾਲ ਬਿਆਨ ਕੀਤਾ ਗਿਆ ਹੈ। ਰਾਜੇ ਤੋਂ ਲੈ ਕੇ ਰੰਕ ਤਕ ਸਭ ਨੂੰ ਗੁਰੂ ਸਾਹਿਬ ਇਕੋ ਵੇਲੇ ਹੀ ਮਿਲਦੇ ਅਤੇ ਅਭਿਆਗਤ ਦਰਸ਼ਨ ਕਰਕੇ ਧੰਨ ਧੰਨ ਹੋ ਜਾਂਦੇ। ਲੰਗਰ ਹਰ ਸਮੇਂ ਵਰਤਦਾ ਰਹਿੰਦਾ:

**ਮਾਖੋਵਾਲ ਪਹੁੰਚੇ ਗੁਰ ਦਿਆਲ। ਤਹਾ ਕੌਤਕ ਕੀਨੇ ਪਰਮ ਬਿਸਾਲ।**
**ਅਨੰਦਪੁਰ ਨਾਂਵ ਤਹਾਂ ਕਾ ਰਾਖਾ। ਸ੍ਰੀ ਮੁਖ ਸਿਉ ਸਤਗੁਰ ਜੀ ਭਾਖਾ।**
**ਤਹਾ ਡੇਰਾ ਸਤਗੁਰ ਜੀ ਕੀਨਾ। ਆ ਅਸਥਾਨ ਸਭ ਸੰਗਤ ਚੀਨਾ।**
**ਦਰਸ਼ਨ ਕੋ ਸਭ ਜਨ ਚਲ ਆਵੈ। ਭਲੇ ਭਲੇ ਪ੍ਰੇਮੀ ਗੁਰ ਭਾਵੈ।**
**ਗੁਰ ਅਸਥਾਨ ਸਬਾਨ ਸੋ ਊਚਾ। ਸਭ ਤੀਰਥਨ ਸੋ ਊਚਾ-ਸੂਚਾ।**
**ਸਤਿਗੁਰ ਗੋਬਿੰਦ ਕਾ ਡੇਰਾ ਕਹੇ। ਦਰਸ ਪਰਸ ਭਗਤ ਸੁਖ ਲਹੇ।**
**ਭਰਾ ਮਾਨ ਸੋ ਆਨੰਦਪੁਰ ਹੋਤ ਧਰਮ ਕੇ ਕਾਮ।**
**ਬਹੁਤ ਲੰਗਰ ਹੋਵਤਿ ਤਹਾਂ ਕਰਤਿ ਸਿਖ ਅਭਿਰਾਮ।**

ਸ੍ਰੀ ਅਨੰਦਪੁਰ ਸਾਹਿਬ ਬਾਰੇ ਪੁਰਾਤਨ ਗ੍ਰੰਥਾਂ ਵਿਚ, ਅਗਲਾ ਹਵਾਲਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਲੜੀਆਂ ਗਈਆਂ ਲੜਾਈਆਂ ਦੇ ਪ੍ਰਸੰਗ ਵਿਚ ਮਿਲਦਾ ਹੈ। ਭਾਵੇਂ ਇਸ ਸ਼ਹਿਰ ਉੱਤੇ ਹੋਏ ਹੱਲਿਆਂ ਦਾ ਮੁਕੰਮਲ ਵੇਰਵਾ ਤਾਂ ਨਹੀਂ ਮਿਲਦਾ ਪਰ ਫਿਰ ਵੀ ਛੋਟੀਆਂ-ਵੱਡੀਆਂ ਦਸ ਲੜਾਈਆਂ/ਝੜਪਾਂ ਦੀ ਸੂਚਨਾ ਜ਼ਰੂਰ ਮਿਲਦੀ ਹੈ। ਇਨ੍ਹਾਂ ਲੜਾਈਆਂ ਸੰਬੰਧੀ ਢੇਰ ਸਾਰਾ ਬੀਰ ਕਾਵਿ ਵੀ ਮਿਲਦਾ ਹੈ ਪਰ ਇਸ ਵਿਚ ਸ੍ਰੀ ਅਨੰਦਪੁਰ ਸਾਹਿਬ ਦੀ ਗੱਲ ਘੱਟ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸੂਰਬੀਰਤਾ, ਯੁੱਧ ਕੌਸ਼ਲਤਾ, ਨਿਰਭੈਤਾ ਅਤੇ ਹੋਰ ਜੰਗਜੂ ਗੁਣਾਂ ਬਾਰੇ ਵਧੇਰੇ ਚਰਚਾ ਹੈ। ਫਿਰ ਵੀ ਪ੍ਰਤੱਖ-ਅਪ੍ਰਤੱਖ ਰੂਪ ਵਿਚ ਸ੍ਰੀ ਅਨੰਦਪੁਰ ਸਾਹਿਬ ਬਾਰੇ ਸੰਕੇਤ ਜ਼ਰੂਰ ਮਿਲ ਜਾਂਦੇ ਹਨ। ਇੱਕ ਜੰਗਨਾਮੇ ਦੀਆਂ ਕੁਝ ਸਤਰਾਂ ਵੇਖੋ:

**ਗੁਰੂ ਗੋਬਿੰਦ ਸਿੰਘ ਕੀ ਧਾਕ ਮੈ, ਡਰਪੈ ਸਭ ਕਹਲੂਰ।**
**ਅਨੰਦਪੁਰ ਕੇ ਖੇਤ ਮੈ ਕੀਨੋ ਚਕਨਾਚੂਰ।**

**ਸਿੰਘਾਂ ਅਤੇ ਰਾਜਿਆਂ ਵੈਰ ਆਹਾ ਚਿਰੋਕਾ।**
**ਮਾਰਿਆਂ ਮੀਆਂ ਕੇਸਰੀ ਜਸ਼ਵਾਲੋ ਪੋਤਾ।**
**ਤੀਰੀਂ ਛਹਿਬਰ ਲਾਈਆਂ ਬੰਦੂਕੀ ਜੋਤਾ।**
**ਫਤੇ ਭਈ ਗੋਬਿੰਦ ਸਿੰਘ ਖੇਤ ਲਿਆ ਅਜੋਕਾ।**

*(ਭੇੜਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕਾ)*


ਗੁਰੂ-ਕਾਲ ਤੋਂ ਬਾਅਦ ਵੀ ਸ੍ਰੀ ਅਨੰਦਪੁਰ ਸਾਹਿਬ ਇਤਿਹਾਸ ਵਿਚ ਕਿਸੇ ਨਾ ਕਿਸੇ ਰੂਪ ਵਿਚ ਚਰਚਿਤ ਰਿਹਾ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਇਥੇ ਨਿਵਾਸ ਦੌਰਾਨ ਹੋਈਆਂ ਲੜਾਈਆਂ ਬਾਰੇ ਪਹਿਲਾਂ ਸੰਕੇਤ ਕਰ ਆਏ ਹਾਂ ਪਰ ਗੁਰੂ ਜੀ ਦੇ ਉਥੋਂ ਆ ਜਾਣ ਪਿੱਛੋਂ ਵੀ ਵਿਰੋਧੀ ਵਧੇਰੇ ਚਿਰ ਚੁੱਪ ਨਾ ਬੈਠੇ ਰਹੇ। ਸ੍ਰੀ ਅਨੰਦਪੁਰ ਸਾਹਿਬ ਉਸ ਜਵਾਲਾ ਦਾ ਨਾਂ ਹੈ ਜੋ ਮੱਠੀ ਤਾਂ ਪੈ ਗਈ ਪਰ ਅੰਦਰੋ-ਅੰਦਰੀ ਸੁਲਗਦੀ ਰਹੀ। ਇਥੇ ਲੜੀ ਗਈ ਆਖਰੀ ਲੜਾਈ ੧੮੧੨ ਈ. ਦੀ ਸੀ। ਜਿਸ ਵਿਚ ਇਕ ਪਾਸੇ ਸੋਢੀ ਅਰਜਨ ਸਿੰਘ ਦੀ ਫਿਰ ਵਿਜੇ ਅਤੇ ਪਹਾੜੀ ਰਾਜੇ ਮਹਾਂ ਚੰਦ ਕਹਿਲੂਰੀਏ ਦੀ ਹਾਰ ਹੋਈ। ਸ੍ਰੀ ਅਨੰਦਪੁਰ ਸਾਹਿਬ ਦੀ ਚਰਚਾ ਇਸ ਵਾਰ ਵਿਚ ਵੀ ਹੈ ਜਿਸ ਧਰਤੀ 'ਤੇ ਖ਼ਾਲਸਾ ਸਾਜਨਾ ਕਰਕੇ ਧਰਮ ਦੀ ਆਜ਼ਾਦੀ ਅਤੇ ਮਜ਼ਲੂਮਾਂ ਦੀ ਰੱਖਿਆ ਦਾ ਮੁੱਢ ਬੰਨ੍ਹਿਆ ਗਿਆ। ਵਾਰ ਦਾ ਇੱਕ ਬੰਦ ਵੇਖੋ:

**ਬਾਂਧਯੋ ਕੋਟ ਅਨੰਦਗੜ੍ਹ ਝੂਲੈ ਨੀਸਾਨਾ।**
**ਡਰਪੈ ਸ੍ਰਿਸਟਿ ਪ੍ਰਤਾਪ ਦੇਖਿ ਕੰਪੈ ਗਿਰਿ ਰਾਨਾ।**
**ਸੰਤ ਸਭਾ ਜੈਕਾਰ ਹੈ, ਹਿਰਦੈ ਸੁਖ ਸਾਨਾ।**
**ਫਿਰ ਅਉਰੰਗਾਬਾਦ ਰਚਾਇਕੈ ਥਕ ਰਹਯੋ ਨਿਦਾਨਾ।**
**ਮੁੱਲਾ ਕਾਜੀ ਬਾਂਗ ਛਡਿ ਕੰਪੈ ਤੁਰਕਾਨਾ।**
**ਯੇ ਰਾਹ ਸ਼ਰੀਅਤ ਮੇਟ ਕੈ ਨਿਜ ਪੰਥ ਚਲਾਨਾ।**
**ਫਿਰ ਧਰਤੀ ਦੇਵੈ ਅੰਨ ਧਨ ਗੁਰਬਰ ਸੁਖ ਮਾਨਾ।**
**ਜਸ ਸਤ ਸੰਜਮ ਨੇਮ ਦਾਨ ਕੀਤਾ ਪ੍ਰਗਟਾਨਾ।**
**ਉਪਜਾ ਪੰਥ ਅਕਾਲ ਦਾ ਜੋਧਾ ਬਲਵਾਨਾ।**
**ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਗਹਿ ਖੜਗ ਉਠਾਨਾ।** *(ਅਨੰਦਪੁਰ ਦੀ ਵਾਰ)*

ਪੁਰਾਤਨ ਸਿੱਖ ਇਤਿਹਾਸਕ ਗ੍ਰੰਥਾਂ ਵਿਚ ਸ੍ਰੀ ਅਨੰਦਪੁਰ ਸਾਹਿਬ ਦੀ ਚਰਚਾ ਇਸ ਦੇ ਧਾਰਮਿਕ, ਦਾਰਸ਼ਨਿਕ ਅਤੇ ਇਤਿਹਾਸਕ ਮਹੱਤਵ ਕਰਕੇ ਹਰ ਯੁੱਗ ਵਿਚ ਚਲਦੀ ਰਹੀ ਹੈ। ਮਾਖੋਵਾਲ ਚੱਕ ਨਾਨਕੀ ਤੋਂ ਸ੍ਰੀ ਅਨੰਦਪੁਰ ਸਾਹਿਬ ਤਕ ਵਿਗਸਣ ਦੇ ਕਈ ਵੇਰਵੇ ਇਨ੍ਹਾਂ ਵਿਚ ਮੌਜੂਦ ਹਨ। ਇਹ ਇੱਕ ਸ਼ਹਿਰ ਮਾਤਰ ਹੀ ਨਹੀਂ, ਸਗੋਂ ਸਿੱਖ ਜੀਵਨ-ਜਾਚ ਦੀ ਮੁਕੰਮਲ ਅਤੇ ਵਿਹਾਰਕ ਤਸਵੀਰ ਵੀ ਹੈ। ਇਕਾਂਤ ਵਿਚ ਵੱਸਿਆ ਹੋਣ ਦੇ ਬਾਵਜੂਦ ਇਹ ਚਾਰੋਂ ਪਾਸਿਆਂ ਤੋਂ ਦੁਸ਼ਮਣਾਂ ਨਾਲ ਘਿਰਿਆ ਹੋਇਆ ਸੀ। ਜੇ ਮੁਗ਼ਲ ਫ਼ੌਜਾਂ ਇਥੇ ਦਨ-ਦਨਾਉਂਦੀਆਂ ਫਿਰ ਰਹੀਆਂ ਸਨ ਤਾਂ ਬਾਈਧਾਰ ਦੇ ਰਾਜੇ ਵੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪ੍ਰਤੀ ਮਨ ਵਿਚ ਕੌੜ ਰੱਖਦੇ ਸਨ। ਗੁਰੂ ਸਾਹਿਬ ਇਨ੍ਹਾਂ ਸਾਰੀਆਂ ਗੱਲਾਂ ਤੋਂ ਬਾਖ਼ਬਰ ਸਨ, ਇਸੇ ਲਈ ਉਨ੍ਹਾਂ ਸ੍ਰੀ ਅਨੰਦਪੁਰ ਸਾਹਿਬ ਦੀ ਰਾਖੀ ਲਈ ਇਥੇ ਪੰਜਾਂ ਕਿਲ੍ਹਿਆਂ ਦਾ ਨਿਰਮਾਣ ਕਰਵਾਇਆ। ਇਸੇ ਹੀ ਧਰਤੀ ਉੱਪਰ ਖ਼ਾਲਸਾ ਦੀ ਸਾਜਨਾ ਹੋਈ ਜਿਸ ਨੇ ਹਿੰਦੁਸਤਾਨ ਦੀ ਰਾਜਨੀਤਕ ਅਤੇ ਸਮਾਜਕ ਤਕਦੀਰ ਬਦਲ ਕੇ ਰੱਖ ਦਿੱਤੀ। ਇਥੋਂ ਹੀ ਸਾਰੇ ਹਿੰਦੁਸਤਾਨ ਨੇ ਸਿੰਘ ਗਰਜਣਾ ਸੁਣੀ ਅਤੇ ਸੁੱਤੀ ਹੋਈ ਕੌਮੀ ਅਣਖ ਜਾਗ ਪਈ। ਭਾਰਤ ਵਿਚ ਅਸਲੀ ਕ੍ਰਾਂਤੀ ਦਾ ਮੁੱਢ ਸ੍ਰੀ ਅਨੰਦਪੁਰ ਸਾਹਿਬ ਵਿਚ ਵੀ ਬੱਝਾ, ਇਹ ਕਹਿਣਾ ਅਤਿਕਥਨੀ ਨਹੀਂ ਸਗੋਂ ਇਤਿਹਾਸਕ ਸੱਚਾਈ ਹੈ।

■

# ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਪ੍ਰਤੀ ਡਾ. ਸਰੂਪ ਸਿੰਘ ਅਲੱਗ ਦੀ ਸ਼ਰਧਾ ਦਾ ਸਨਮਾਨ



ਸਿੱਖ ਕੌਮ ਦੇ ਪ੍ਰਸਿੱਧ ਵਿਦਵਾਨ ਵਕਤਾ ਤੇ ਲੇਖਕ ਡਾ. ਸਰੂਪ ਸਿੰਘ ਅਲੱਗ ਚੇਅਰਮੈਨ ਅਲੱਗ ਸ਼ਬਦ ਯੱਗ ਇੰਟਰਨੈਸ਼ਨਲ ਚੈਰੀਟੇਬਲ ਟਰੱਸਟ, ਲੁਧਿਆਣਾ ਜੋ ਆਪਣੀ ਰਿਟਾਇਰਮੈਂਟ ਤੋਂ ਮਗਰੋਂ ਪਿਛਲੇ ੨੫ ਸਾਲਾਂ ਤੋਂ ਉਚ ਪਾਏ ਦਾ ਧਾਰਮਿਕ ਸਾਹਿਤ ਵੱਖ-ਵੱਖ ਭਾਸ਼ਾਵਾਂ ਵਿਚ ਲਿਖ, ਛਪਵਾ ਕੇ ਵਿਸ਼ਵ ਭਰ ਵਿਚ ਮੁਫਤ ਵੰਡਦੇ ਆ ਰਹੇ ਹਨ, ਉਨ੍ਹਾਂ ਨੇ ਵਿਸ਼ਵ ਪੱਧਰ ਦੀ ਪ੍ਰਾਪਤੀ ਨਾਲ ਆਪਣੇ ਨਿਸ਼ਕਾਮ ਕਾਰਨਾਮਿਆਂ ਦਾ ਨਾਮ ਲਿਮਕਾ ਬੁੱਕ ਆਫ ਰਿਕਾਰਡਜ਼ ਦੇ ੨੦੧੬ ਐਡੀਸ਼ਨ ਵਿਚ ਦਰਜ ਕਰਵਾ ਕੇ ਪੰਜਾਬ, ਪੰਜਾਬੀ, ਸਿੱਖ ਸੱਭਿਆਚਾਰ ਤੇ ਸਮੁੱਚੇ ਭਾਰਤ ਦਾ ਮਾਣ ਉਜਾਗਰ ਕਰਨ ਦਾ ਨਾਮਣਾ ਖੱਟਿਆ ਹੈ। ਡਾ. ਅਲੱਗ ਨੇ ਲਗਭਗ ੧੦੦ ਪ੍ਰਕਾਰ ਦੀਆਂ ਪੁਸਤਕਾਂ ਅੰਗਰੇਜ਼ੀ, ਪੰਜਾਬੀ, ਹਿੰਦੀ, ਗੁਜਰਾਤੀ ਤੇ ਇਟਾਲਿਅਨ ਭਾਸ਼ਾਵਾਂ ਵਿਚ ਛਪਵਾ ਕੇ ਮੁਫਤ ਵੰਡਣ ਦਾ ਜੋ ਬੀੜਾ ਚੁਕਿਆ ਹੋਇਆ ਹੈ, ਉਸ ਵਿਚ ਵਿਸ਼ਵ ਦੇ ਅਤਿ ਮਨਮੋਹਕ ਤੇ ਪਾਕੀਜ਼ਾ ਅਸਥਾਨ ਹਰਿਮੰਦਰ ਸਾਹਿਬ ਦੀ ਮਹਿਮਾ ਨੂੰ ਦਰਸਾਉਂਦੀ ਪੁਸਤਕ 'ਹਰਿਮੰਦਰ ਦਰਸ਼ਨ' ਵੀ ਹੈ, ਜਿਸਦੇ ਫਰਵਰੀ ੨੦੧੫ ਤਕ ੧੪੮ ਡੀਲਕਸ ਸੁਜਿਲਦ ਐਡੀਸਨ ਛਾਪੇ ਗਏ ਹਨ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਮਹਿਮਾ ਤੇ ਇਤਿਹਾਸ ਨੂੰ ਰੂਪਮਾਨ ਕਰਦੀ ਇਸ ਪੁਸਤਕ ਦਾ ਜ਼ਿਕਰ ਲਿਮਕਾ ਬੁੱਕ ਦੇ ਪੰਨਾ ੧੪੮ ਤੇ ਪੁਸਤਕ ਦੀ ਫੋਟੋ ਦੇ ਕੇ ਅੰਕਿਤ ਕੀਤਾ ਗਿਆ ਹੈ। ਦਸੰਬਰ ੨੦੧੫ ਤਕ ਇਸ ਪੁਸਤਕ ਦੇ ਹੁਣ ੧੫੨ ਡੀਲਕਸ ਐਡੀਸ਼ਨ ਛਾਪ ਕੇ ਵੰਡੇ ਜਾ ਚੁੱਕੇ ਹਨ। ਲਿਮਕਾ ਦੇ ਰਿਕਾਰਡ ਵਿਚ ਅੰਕਿਤ ਹੈ ਕਿ ਇਸਦਾ ਪਹਿਲਾ ਐਡੀਸ਼ਨ ਜਨਵਰੀ ੧੯੯੮ ਵਿਚ ਹੋਂਦ ਵਿਚ ਆਇਆ। ਇਸ ਦੇ ਅਗਲੇ ੧੮ ਸਾਲਾਂ ਦੇ ਵਿਕਾਸ ਤੇ ਪ੍ਰਸਾਰ ਦਾ ਸਫਰ ਇਸ ਦੀ ਸਫਲਤਾ ਦੀ ਕਹਾਣੀ ਦੱਸਦਾ ਹੈ। ਪੁਸਤਕ ਸੰਬੰਧੀ ਖੋਜ ਕਰਨ ਅਤੇ ਉਸ ਨੂੰ ਕਿਤਾਬੀ ਸ਼ਕਲ ਵਿਚ ਕਲਮਬੰਦ ਕਰਨ ਵਿਚ ਜੋ ਸਮਾਂ ਲੇਖਕ ਨੇ ਲਾਇਆ ਹੈ ਉਹ ਇਸ ਤੋਂ ਅਲੱਗ ਹੈ। ਪੰਜਾਬੀ ਭਾਸ਼ਾ ਵਿਚ ਡੀਲਕਸ ਪ੍ਰਭਾਵ ਵਿਚ ੨੬੪ ਸਫੇ ਦੀ ਇਸ ਪੁਸਤਕ ਵਿਚ ਜਿਸ ਨੂੰ ਸੁਚਿਤਰ ਕਰਨ ਦੇ ਵੀ ਯਤਨ ਕੀਤੇ ਗਏ ਹਨ ਪਾਠਕਾਂ ਦੇ ਹੱਥ ਤਕ ਮੁਫਤ ਪਹੁੰਚਾਉਣ ਵਿਚ ਯਤਨਸ਼ੀਲ ਹੋਣਾ ਆਪਣੇ ਆਪ ਵਿਚ ਇਕ ਨਾਮਵਰ ਰਿਕਾਰਡ ਹੈ, ਜਿਸ ਨਾਲ ਹਰ ਪੰਜਾਬੀ ਦਾ ਅਤੇ ਖਾਸਕਰ ਸਿੱਖ ਦਾ ਸਿਰ ਗੌਰਵ ਨਾਲ ਉਚਾ ਹੋ ਜਾਂਦਾ ਹੈ। ਡਾ. ਅਲੱਗ ਦੀ ਇਸ ਸ਼ਾਨਦਾਰ ਪ੍ਰਾਪਤੀ ਨੇ ਸਚਮੁੱਚ ਹਰ ਕਿਸੇ ਨੂੰ ਉਤਸ਼ਾਹੀ ਹੁਲਾਰਾ ਬਖਸ਼ਿਆ ਹੈ। ਲਿਮਕਾ ਰਿਕਾਰਡ ਵਿਚ ਇਹ ਵੀ ਜ਼ਿਕਰ ਹੈ ਕਿ ਪੁਸਤਕ 'ਹਰਿਮੰਦਰ ਦਰਸ਼ਨ' ਦੀਆਂ ਇਤਨੀਆਂ ਲਾਮਿਸਾਲ ਪ੍ਰਾਪਤੀਆਂ ਦੇ ਨਾਲ-ਨਾਲ ਇਸ ਪੁਸਤਕ ਦੇ ੪੬ ਡੀਲਕਸ ਐਡੀਸ਼ਨ ਅੰਗਰੇਜ਼ੀ ਵਿਚ ਵੀ ਛਾਪ ਕੇ ਵੰਡੇ ਜਾ ਚੁੱਕੇ ਹਨ। ਵਿਸ਼ਵ ਭਰ ਦੀਆਂ ਨਾਮਵਰ ਅਖਬਾਰਾਂ ਵਿਚ ਵੀ ਇਹ ਪੁਸਤਕ ਛਾਪੀ ਗਈ ਹੈ ਅਤੇ ਅੱਜਕਲ੍ਹ ਇਕ ਲੀਡਿੰਗ ਅੰਗਰੇਜ਼ੀ ਅਖਬਾਰ ਵਿਚ ਇਹ ਪ੍ਰਕਾਸ਼ਿਤ ਕੀਤੀ ਜਾ ਰਹੀ ਹੈ। ■

ਖ਼ਬਰਨਾਮਾ

# ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ੩੫੦ ਸਾਲਾ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਨਗਰ ਕੀਰਤਨ 'ਚ ਸ਼ਸਤਰਾਂ ਵਾਲੀ ਬੱਸ ਵੀ ਸ਼ਾਮਲ ਹੋਵੇਗੀ- ਜਥੇ. ਅਵਤਾਰ ਸਿੰਘ

ਅੰਮ੍ਰਿਤਸਰ- ਜਥੇਦਾਰ ਅਵਤਾਰ ਸਿੰਘ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨਗੀ ਹੇਠ ਸ਼੍ਰੋਮਣੀ ਕਮੇਟੀ ਦੇ ਪ੍ਰਬੰਧਕੀ ਬਲਾਕ ਵਿਖੇ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਹੋਈ ਜਿਸ ਵਿੱਚ ਅਮਲਾ, ਸੈਕਸ਼ਨ ੮੫ ਤੇ ੮੭ ਦੇ ਕੇਸਾਂ 'ਤੇ ਵਿਚਾਰ-ਵਟਾਂਦਰਾ ਕੀਤਾ ਗਿਆ। ਇਕੱਤਰਤਾ ਦੀ ਆਰੰਭਤਾ ਮੂਲ ਮੰਤਰ ਦੇ ਜਾਪ ਕਰਕੇ ਕੀਤੀ ਗਈ। ਅੱਜ ਦੀ ਇਕੱਤਰਤਾ 'ਚ ਸੰਤ ਹਰਦੇਵ ਸਿੰਘ ਲੂਲੋਂਵਾਲ ਸਾਬਕਾ ਮੈਂਬਰ ਧਰਮ ਪ੍ਰਚਾਰ ਕਮੇਟੀ, ਭਾਈ ਗੁਰਬਖਸ਼ ਸਿੰਘ ਅਲਬੇਲਾ ਤੇ ਭਾਈ ਬਲਦੇਵ ਸਿੰਘ ਮਸਤਾਨਾ ਢਾਡੀ ਅਤੇ ਸਿੱਖ ਗੁਰਦੁਆਰਾ ਜੁਡੀਸ਼ੀਅਲ ਕਮਿਸ਼ਨ ਦੇ ਚੇਅਰਮੈਨ ਸ. ਮਨਮੋਹਨ ਸਿੰਘ ਬਰਾੜ ਦੇ ਅਕਾਲ ਚਲਾਣੇ 'ਤੇ ਇਕ ਸ਼ੋਕ ਮਤੇ ਰਾਹੀਂ ਸ਼ਰਧਾਂਜਲੀ ਦਿੱਤੀ ਗਈ।

ਇਕੱਤਰਤਾ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਜਥੇਦਾਰ ਅਵਤਾਰ ਸਿੰਘ ਪ੍ਰਧਾਨ ਸ਼੍ਰੋਮਣੀ ਕਮੇਟੀ ਨੇ ਕਿਹਾ ਕਿ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ੩੫੦ ਸਾਲਾ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਸ੍ਰੀ ਅਨੰਦਪੁਰ ਸਾਹਿਬ ਤੋਂ ਪਟਨਾ ਸਾਹਿਬ ਤੀਕ ਵਿਸ਼ਾਲ ਨਗਰ ਕੀਰਤਨ ਆਯੋਜਿਤ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਨਗਰ ਕੀਰਤਨ ਦਾ ਰੂਟ ਤੈਅ ਕਰਨ ਲਈ ਡਾ. ਰੂਪ ਸਿੰਘ ਸਕੱਤਰ ਤੇ ਸ. ਸਤਬੀਰ ਸਿੰਘ ਓ.ਐਸ.ਡੀ. ਧਰਮ ਪ੍ਰਚਾਰ ਕਮੇਟੀ 'ਤੇ ਆਧਾਰਿਤ ਸਬ ਕਮੇਟੀ ਬਣਾਈ ਗਈ ਹੈ। ਉਨ੍ਹਾਂ ਕਿਹਾ ਕਿ ਇਸ ਦੇ ਨਾਲ-ਨਾਲ ਦਸਮ ਪਾਤਸ਼ਾਹ ਦੇ ਇਤਿਹਾਸਕ ਸ਼ਸਤਰਾਂ ਵਾਲੀ ਬੱਸ ਵੀ ਚੱਲੇਗੀ। ਉਨ੍ਹਾਂ ਕਿਹਾ ਕਿ ਪਟਨਾ ਸਾਹਿਬ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ੩੫੦ ਸਾਲਾ ਸਮਾਗਮਾਂ ਲਈ ਮੁੱਖ ਮੰਤਰੀ ਸ. ਪਰਕਾਸ਼ ਸਿੰਘ ਬਾਦਲ ਨੇ ੧੦੦ ਕਰੋੜ ਦਾ ਪੈਕਜ ਰੱਖਿਆ ਹੈ। ਉਨ੍ਹਾਂ ਕਿਹਾ ਕਿ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿੱਚ ੫੨ ਕਵੀ ਸੁਸ਼ੋਭਿਤ ਹੁੰਦੇ ਸਨ ਇਸ ਨੂੰ ਸਮਰਪਿਤ ਗੁਰਦੁਆਰਾ ਸ੍ਰੀ ਪਾਉਂਟਾ ਸਾਹਿਬ ਵਿਖੇ ਕਵੀ ਦਰਬਾਰ ਕਰਵਾਉਣ ਦਾ ਫੈਸਲਾ ਕੀਤਾ ਗਿਆ ਹੈ ਜਿਸ ਵਿੱਚ ੫੨ ਕਵੀ ਸ਼ਿਰਕਤ ਕਰਨਗੇ। ਉਨ੍ਹਾਂ ਕਿਹਾ ਕਿ ਸਿੱਖ ਕੌਮ ਦੇ ਮਹਾਨ ਸੂਰਬੀਰ ਯੋਧੇ ਬਾਬਾ ਬੰਦਾ ਸਿੰਘ ਬਹਾਦਰ ਦਾ ੩੦੦ ਸਾਲਾ ਸ਼ਹੀਦੀ ਦਿਹਾੜਾ ਜੋ ੧੯ ਜੂਨ ੨੦੧੬ ਨੂੰ ਆ ਰਿਹਾ ਹੈ ਦੇ ਸਬੰਧ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਇਕ ਵਿਸ਼ਾਲ ਸ਼ਹੀਦੀ ਮਾਰਚ ਗੁਰਦਾਸ ਨੰਗਲ ਗੜ੍ਹੀ ਤੋਂ ਦਿੱਲੀ ਤੱਕ ਜਾਵੇਗਾ। ਉਨ੍ਹਾਂ ਕਿਹਾ ਕਿ ਇਹ ਮਾਰਚ ਪੰਜਾਬ ਤੇ ਹਰਿਆਣਾ ਦੇ ਹਰ ਇਲਾਕੇ 'ਚੋਂ ਲੰਘੇਗਾ ਜਿਥੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਗ੍ਰਿਫਤਾਰ ਕਰਕੇ ਲੈ ਜਾਇਆ ਗਿਆ ਸੀ। ਉਨ੍ਹਾਂ ਕਿਹਾ ਕਿ ਗੁਰਦੁਆਰਾ ਸ੍ਰੀ ਫਤਹਿਗੜ੍ਹ ਸਾਹਿਬ, ਗੁਰਦੁਆਰਾ ਸ੍ਰੀ ਜੋਤੀ ਸਰੂਪ, ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਬਾਬਾ ਬੰਦਾ ਸਿੰਘ ਬਹਾਦਰ ਇੰਜੀਨੀਅਰਿੰਗ ਕਾਲਜ, ਬਾਬਾ ਬੰਦਾ ਸਿੰਘ ਬਹਾਦਰ ਪੋਲੀਟੈਕਨਿਕ ਕਾਲਜ ਅਤੇ ਮਾਤਾ ਗੁਜਰੀ ਕਾਲਜ ਸ੍ਰੀ ਫਤਹਿਗੜ੍ਹ ਸਾਹਿਬ ਲਈ ਬਿਜਲੀ ਦੀ ਸਪਲਾਈ ਲਗਾਤਾਰ ਕਰਨ ਲਈ ਬਿਜਲੀ ਵਿਭਾਗ ਤੋਂ ਹੋਟ ਲਾਈਨ ਲੈਣ ਨੂੰ ਪ੍ਰਵਾਨਗੀ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਮਹਾਨ ਸਿੱਖ ਜਰਨੈਲ ਸ. ਜੱਸਾ ਸਿੰਘ ਆਹਲੂਵਾਲੀਆ ਦਾ ਜਨਮ ਦਿਹਾੜਾ ੩ ਮਈ ਤੇ ਬਰਸੀ ੨੦ ਅਕਤੂਬਰ ਨੂੰ ਹਰ ਸਾਲ ਸੂਬਾ ਪੱਧਰੀ ਮਨਾਈ ਜਾਇਆ ਕਰੇਗੀ ਅਤੇ ਉਨ੍ਹਾਂ ਦੀ ਢੁੱਕਵੀਂ ਯਾਦਗਾਰ ਅਤੇ ਆਡੀਟੋਰੀਅਮ ਬਣਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਇੰਟਰਨੈਟ ਵਿਭਾਗ ਦੇਸ਼-ਵਿਦੇਸ਼ ਵਿੱਚ ਵੱਸਦੇ ਸਿੱਖਾਂ ਨੂੰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਨਾਲ ਜੋੜਨ ਅਤੇ ਹੋਰ ਸੁਵਿਧਾਵਾਂ ਲੈਣ ਲਈ 'ਮੋਬਾਇਲ ਐਪ' ਤਿਆਰ ਕਰੇਗੀ। ਉਨ੍ਹਾਂ ਕਿਹਾ ਕਿ ੩੧ ਮਾਰਚ ਤੋਂ ਪਹਿਲਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਬਜਟ ਵੀ ਪਾਸ ਹੋ ਜਾਵੇਗਾ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਪਹਿਲੀ ਵਾਰ ਬਾਬਾ ਬੰਦਾ ਸਿੰਘ ਬਹਾਦਰ ਇੰਜੀਨੀਅਰਿੰਗ ਕਾਲਜ ਵਿਖੇ ਆਰਮਡ ਫੋਰਸ

ਕੋਰਸ ਤਹਿਤ ੬੦ ਸਿੱਖੀ ਸਰੂਪ ਵਾਲੇ ਬੱਚਿਆਂ ਦੀ ਚੋਣ ਕੀਤੀ ਗਈ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ ਯੂਨੀਵਰਸਿਟੀ ਵਿਖੇ ਸਿਵਲ ਸਰਵਿਸ ਲਈ ਕੋਚਿੰਗ ਸ਼ੁਰੂ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਕੈਂਸਰ ਰੋਕੋ ਮੁਹਿੰਮ ਤਹਿਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਆਉਂਦੇ ਸਮੂਹ ਗੁਰਦੁਆਰਾ ਸਾਹਿਬਾਨ ਵਿਖੇ ਕੈਂਪ ਲਗਾਏ ਜਾਣਗੇ ਜਿਸ ਵਿੱਚ ਸ੍ਰੀ ਗੁਰੂ ਰਾਮਦਾਸ ਹਸਪਤਾਲ ਵੱਲਾ ਦੇ ਕੈਂਸਰ ਦੇ ਮਾਹਰ ਡਾਕਟਰ ਮਰੀਜ਼ਾਂ ਦੀ ਜਾਂਚ ਕਰਨਗੇ। ਪੱਤਰਕਾਰਾਂ ਵੱਲੋਂ ਵਿਦੇਸ਼ਾਂ ਵਿੱਚ ਸਿੱਖਾਂ ਦੀ ਪਹਿਚਾਣ ਨੂੰ ਲੈ ਕੇ ਹੋ ਰਹੇ ਹਮਲਿਆਂ ਬਾਰੇ ਪੁੱਛੇ ਸਵਾਲ ਦਾ ਜਵਾਬ ਦਿੰਦਿਆਂ ਉਨ੍ਹਾਂ ਕਿਹਾ ਕਿ ਉਹ ਪੂਰੀ ਸੁਹਿਰਦਤਾ ਨਾਲ ਇਸ ਮਸਲੇ ਨੂੰ ਹੱਲ ਕਰਨ ਦਾ ਯਤਨ ਕਰਨਗੇ।

ਇਕੱਤਰਤਾ 'ਚ ਲਏ ਗਏ ਫੈਸਲਿਆਂ ਬਾਰੇ ਜਾਣਕਾਰੀ ਦਿੰਦਿਆਂ ਜਥੇਦਾਰ ਅਵਤਾਰ ਸਿੰਘ ਨੇ ਕਿਹਾ ਕਿ ਯਾਤਰਾ ਗੁਰਦੁਆਰਾ ਸ੍ਰੀ ਪੰਜਾ ਸਾਹਿਬ (ਪਾਕਿਸਤਾਨ) ਵਿਖੇ ਵਿਸਾਖੀ ਮਨਾਉਣ ਜਾਣ ਵਾਲੇ ਯਾਤਰੀ ਜਥੇ ਪੁਰ ਹੋਣ ਵਾਲੇ ਖਰਚਿਆਂ ਨੂੰ ਪ੍ਰਵਾਨਗੀ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਏਕ ਨੂਰ ਚੈਰੀਟੇਬਲ ਟਰੱਸਟ ਪਿੰਡ ਲਾਲੂ ਘੁੰਮਣ ਨੂੰ ਗੁਰਬਾਣੀ ਤੇ ਕੀਰਤਨ ਦੀ ਸੰਥਿਆ ਲੈ ਰਹੇ ਬੱਚਿਆਂ ਅਤੇ ਉਨ੍ਹਾਂ ਦੀ ਮਾਤਾਵਾਂ ਦੀ ਸਾਂਭ-ਸੰਭਾਲ ਲਈ ੧ ਲੱਖ ਰੁਪਏ ਸਹਾਇਤਾ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਕੈਂਸਰ ਮਰੀਜ਼ਾਂ ਦੀਆਂ ਪੁੱਜੀਆਂ ਦਰਖਾਸਤਾਂ ਦੇ ਆਧਾਰ ਪੁਰ ਜਨਰਲ ਬੋਰਡ ਫੰਡ ਵਿੱਚੋਂ ੨ ਕਰੋੜ ਦੀ ਰਾਸ਼ੀ ਨੂੰ ਪ੍ਰਵਾਨਗੀ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਕਾਠਮੰਡੂ ਨੇਪਾਲ ਵਿਖੇ ਆਏ ਭੂਚਾਲ ਸਮੇਂ ਮਾਰੇ ਗਏ ਸ. ਪਰਵਿੰਦਰ ਸਿੰਘ ਤੇ ਸ. ਸੁਜਾਨ ਸਿੰਘ ਵਾਸੀ ਗੁਜਰੀਆ ਤਹਿਸੀਲ ਆਰ.ਐਸ. ਪੁਰਾ ਜੰਮੂ ਦੇ ਪਰਿਵਾਰਾਂ ਨੂੰ ੧-੧ ਲੱਖ ਰੁਪਏ ਸਹਾਇਤਾ ਵਜੋਂ ਦਿੱਤੇ ਗਏ ਹਨ। ਉਨ੍ਹਾਂ ਕਿਹਾ ਕਿ ਪੰਜਾਬ ਜਾਗ੍ਰਿਤੀ ਮੰਚ ਵੱਲੋਂ ਪੁੱਜੀ ਮੰਗ ਦੇ ਆਧਾਰ 'ਤੇ ੧ ਲੱਖ ਰੁਪਏ ਦੀ ਸਹਾਇਤਾ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਊਰਜਾ ਫਾਊਂਡੇਸ਼ਨ ਚੈਰੀਟੇਬਲ ਟਰੱਸਟ (ਮੁੰਬਈ) ਵੱਲੋਂ ਸੋਲਰ ਐਲ.ਈ.ਡੀ. ਲਾਈਟ ਲਗਾਉਣ ਨੂੰ ਪ੍ਰਵਾਨਗੀ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਇੰਸਟੀਚਿਊਟ ਆਫ ਐਡਵਾਂਸ ਸਟੱਡੀਜ਼ ਇਨ ਸਿੱਖਇਜ਼ਮ, ਬਹਾਦਰਗੜ੍ਹ (ਪਟਿਆਲਾ) ਦੇ ਚੱਲ ਰਹੇ ਕਾਰਜਾਂ ਨੂੰ ਮੁਕੰਮਲ ਕਰਨ ਲਈ ੧ ਸਾਲ ਦਾ ਵਾਧਾ ਕੀਤਾ ਗਿਆ ਹੈ।

ਇਕੱਤਰਤਾ ਵਿੱਚ ਸ.ਕੇਵਲ ਸਿੰਘ ਬਾਦਲ ਜੂਨੀਅਰ ਮੀਤ ਪ੍ਰਧਾਨ, ਸ.ਸੁਖਦੇਵ ਸਿੰਘ ਭੌਰ ਜਨਰਲ ਸਕੱਤਰ, ਅੰਤ੍ਰਿੰਗ ਮੈਂਬਰਾਨ ਸ.ਨਿਰਮੈਲ ਸਿੰਘ ਜੌਲਾਂ ਕਲਾਂ, ਸ.ਦਿਆਲ ਸਿੰਘ ਕੋਲਿਆਂਵਾਲੀ, ਸ.ਗੁਰਬਚਨ ਸਿੰਘ ਕਰਮੂੰਵਾਲ, ਸ.ਕਰਨੈਲ ਸਿੰਘ ਪੰਜੋਲੀ, ਸ.ਰਾਮਪਾਲ ਸਿੰਘ ਬਹਿਣੀਵਾਲ, ਸ.ਮੰਗਲ ਸਿੰਘ ਤੇ ਸ.ਮੋਹਣ ਸਿੰਘ ਬੰਗੀ, ਸ.ਹਰਚਰਨ ਸਿੰਘ ਮੁੱਖ ਸਕੱਤਰ, ਡਾ.ਰੂਪ ਸਿੰਘ ਤੇ ਸ.ਮਨਜੀਤ ਸਿੰਘ ਸਕੱਤਰ, ਸ.ਦਿਲਜੀਤ ਸਿੰਘ ਬੇਦੀ, ਸ.ਮਹਿੰਦਰ ਸਿੰਘ ਆਹਲੀ, ਸ.ਬਲਵਿੰਦਰ ਸਿੰਘ ਜੌੜਾਸਿੰਘਾ, ਸ. ਪਰਮਜੀਤ ਸਿੰਘ ਸਰੋਆ, ਸ. ਬਿਜੈ ਸਿੰਘ, ਸ.ਸੁਖਦੇਵ ਸਿੰਘ ਭੂਰਾਕੋਹਨਾ ਤੇ ਸ.ਕੇਵਲ ਸਿੰਘ ਵਧੀਕ ਸਕੱਤਰ, ਸ.ਸਤਿੰਦਰ ਸਿੰਘ ਨਿਜੀ ਸਹਾਇਕ, ਸ.ਇੰਦਰ ਮੋਹਣ ਸਿੰਘ 'ਅਨਜਾਣ' ਇੰਚਾਰਜ ਪਬਲੀਸਿਟੀ, ਸ.ਕਰਮਬੀਰ ਸਿੰਘ, ਸ.ਗੁਰਦਿਆਲ ਸਿੰਘ ਤੇ ਸ.ਸੁਖਬੀਰ ਸਿੰਘ ਇੰਚਾਰਜ, ਸ.ਸੁਖਵਿੰਦਰ ਸਿੰਘ ਗਰੇਵਾਲ ਨਿਜੀ ਸਹਾਇਕ, ਸ. ਰਣਜੀਤ ਸਿੰਘ ਖਾਲਸਾ ਮੀਡੀਆ ਸਲਾਹਕਾਰ ਅਤੇ ਸ.ਹਰਜਿੰਦਰ ਸਿੰਘ ਸੁਪਰਵਾਈਜ਼ਰ ਆਦਿ ਮੌਜੂਦ ਸਨ।

*੧੫ ਫਰਵਰੀ*

## ਜਥੇ. ਅਵਤਾਰ ਸਿੰਘ ਨੇ ਇਟਾਲੀਅਨ ਪੁਲੀਸ ਵੱਲੋਂ ਭਾਈ ਬਚਿੱਤਰ ਸਿੰਘ ਕਵੀਸ਼ਰ ਦੀ ਸ੍ਰੀ ਸਾਹਿਬ ਜਬਤ ਕਰਨ ਦੀ ਨਿਖੇਧੀ ਕੀਤੀ

ਅੰਮ੍ਰਿਤਸਰ- ਜਥੇਦਾਰ ਅਵਤਾਰ ਸਿੰਘ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਟਾਲੀਅਨ ਪੁਲੀਸ ਵੱਲੋਂ ਭਾਈ ਬਚਿੱਤਰ ਸਿੰਘ ਕਵੀਸ਼ਰ ਦੀ ਸ੍ਰੀ ਸਾਹਿਬ ਜਬਤ ਕਰਨ 'ਤੇ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਭਾਈ ਬਚਿੱਤਰ ਸਿੰਘ ਕਵੀਸ਼ਰ ਨੂੰ ਇਟਲੀ ਦੇ ਜ਼ਿਲ੍ਹਾ ਵਿਰੋਨਾ ਦੇ ਕਸਤੂਰੇ (ਥਾਣੇ) 'ਚ ਸ੍ਰੀ ਸਾਹਿਬ ਕਾਰਨ ਇਟਾਲੀਅਨ ਪੁਲੀਸ ਦੀਆਂ ਵਧੀਕੀਆਂ ਦਾ ਸ਼ਿਕਾਰ ਹੋਣਾ ਪਿਆ ਜੋ ਉੱਚਿਤ ਨਹੀਂ ਹੈ। ਉਨ੍ਹਾਂ ਕਿਹਾ

ਕਿ ਇਟਲੀ ਦੀ ਪੁਲੀਸ ਵੱਲੋਂ ਭਾਈ ਬਚਿੱਤਰ ਸਿੰਘ ਦੀ ਕੇਵਲ ਸ੍ਰੀ ਸਾਹਿਬ ਹੀ ਜਬਤ ਨਹੀਂ ਕੀਤੀ, ਬਲਕਿ ਉਸ ਖਿਲਾਫ ਕੇਸ ਵੀ ਦਰਜ ਕੀਤਾ ਗਿਆ, ਜੋ ਬਹੁਤ ਹੀ ਅਫਸੋਸਨਾਕ ਕਾਰਾ ਹੈ। ਉਨ੍ਹਾਂ ਕਿਹਾ ਕਿ ਕਲਗੀਧਰ ਦਸਮੇਸ਼ ਪਿਤਾ ਵੱਲੋਂ ਅੰਮ੍ਰਿਤਧਾਰੀ ਸਿੰਘ ਨੂੰ ਬਖਸ਼ੇ ਪੰਜ ਕਕਾਰ ਉਸ ਦਾ ਅਨਿੱਖੜਵਾਂ ਅੰਗ ਹਨ ਤੇ ਉਨ੍ਹਾਂ ਨੂੰ ਕਦਾਚਿਤ ਵੀ ਸਰੀਰ ਤੋਂ ਵੱਖ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਇਸ ਘਟਨਾ ਦੇ ਨਾਲ ਦੇਸ਼-ਵਿਦੇਸ਼ ਵਿੱਚ ਵਸਦੇ ਸਿੱਖਾਂ ਵਿੱਚ ਰੋਸ ਤੇ ਰੋਹ ਪਾਇਆ ਜਾ ਰਿਹਾ ਹੈ।

ਉਨ੍ਹਾਂ ਇਟਲੀ ਦੀਆਂ ਸਿੱਖ ਜਥੇਬੰਦੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਆਪਣੇ-ਆਪਣੇ ਤੌਰ 'ਤੇ ਇਟਲੀ ਦੀ ਸਰਕਾਰ ਨਾਲ ਗੱਲਬਾਤ ਕਰਕੇ ਉਨ੍ਹਾਂ ਨੂੰ ਸਿੱਖ ਧਰਮ ਦੀ ਮਰਯਾਦਾ ਤੇ ਸਿਧਾਂਤਾਂ ਬਾਰੇ ਜਾਣਕਾਰੀ ਦੇਣ ਤਾਂ ਜੋ ਅੱਗੇ ਤੋਂ ਕੋਈ ਵੀ ਸਿੱਖ ਇਸ ਤਰ੍ਹਾਂ ਦੀ ਮੰਦਭਾਗੀ ਘਟਨਾ ਦਾ ਸ਼ਿਕਾਰ ਨਾ ਹੋਵੇ। ਉਨ੍ਹਾਂ ਭਾਰਤ ਦੀ ਵਿਦੇਸ਼ ਮੰਤਰੀ ਸ੍ਰੀਮਤੀ ਸੁਸ਼ਮਾ ਸਵਰਾਜ ਨੂੰ ਅਪੀਲ ਕੀਤੀ ਕਿ ਉਹ ਬਹੁਤ ਜਲਦ ਇਟਲੀ ਦੀ ਅੰਬੈਸੀ ਨਾਲ ਗੱਲਬਾਤ ਕਰਕੇ ਓਥੋਂ ਦੀ ਸਰਕਾਰ ਨੂੰ ਭਾਈ ਬਚਿੱਤਰ ਸਿੰਘ ਕਵੀਸ਼ਰ 'ਤੇ ਦਰਜ ਕੀਤਾ ਕੇਸ ਵਾਪਸ ਲੈਣ ਤੇ ਸਿੱਖਾਂ ਦੇ ਧਾਰਮਿਕ ਚਿੰਨ੍ਹ ਪੰਜ ਕਕਾਰਾਂ ਨੂੰ ਪਹਿਨਣ ਦੀ ਇਜਾਜਤ ਦੇਣ ਬਾਰੇ ਕਹਿਣ। *੧ ਫਰਵਰੀ*

## ਜਥੇਦਾਰ ਅਵਤਾਰ ਸਿੰਘ ਨੇ ਅਮਰੀਕੀ ਵੈਬਸਾਈਟ ਵੱਲੋਂ ਸਿੱਖ ਸਿਧਾਂਤਾਂ ਨਾਲ ਖਿਲਵਾੜ ਕਰਨ ਦੀ ਨਿਖੇਧੀ ਕੀਤੀ

ਅੰਮ੍ਰਿਤਸਰ- ਜਥੇਦਾਰ ਅਵਤਾਰ ਸਿੰਘ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਅਮਰੀਕਾ ਦੀ ਇਕ ਵੈਬਸਾਈਟ ਵੱਲੋਂ ਜੁਰਾਬਾਂ ਤੇ ਜੁੱਤੀਆਂ 'ਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਤਸਵੀਰ ਛਾਪਣ ਦੀ ਸਖਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ। ਦਫਤਰ ਤੋਂ ਜਾਰੀ ਪ੍ਰੈਸ ਬਿਆਨ ਵਿਚ ਸ਼੍ਰੋਮਣੀ ਕਮੇਟੀ ਦੇ ਬੁਲਾਰੇ ਤੇ ਵਧੀਕ ਸਕੱਤਰ ਸ. ਦਿਲਜੀਤ ਸਿੰਘ ਬੇਦੀ ਨੇ ਜਥੇਦਾਰ ਅਵਤਾਰ ਸਿੰਘ ਵੱਲੋਂ ਹਵਾਲਾ ਦਿੰਦਿਆਂ ਕਿਹਾ ਕਿ ਅਮਰੀਕੀ ਵੈਬਸਾਈਟ ਨੇ ਸਿੱਖਾਂ ਦੇ ਮੁਕੱਦਸ ਅਸਥਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਜੁਰਾਬਾਂ ਤੇ ਜੁੱਤੀਆਂ 'ਤੇ ਤਸਵੀਰ ਛਾਪ ਕੇ ਸਿੱਖ ਸਿਧਾਂਤਾਂ ਨਾਲ ਖਿਲਵਾੜ ਕੀਤਾ ਹੈ, ਜੋ ਉਚਿੱਤ ਨਹੀਂ ਹੈ।

ਉਨ੍ਹਾਂ ਕਿਹਾ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸਾਂਝੀਵਾਲਤਾ ਦਾ ਪ੍ਰਤੀਕ ਹੈ ਤੇ ਇਸ ਨਾਲ ਕੇਵਲ ਸਿੱਖ ਧਰਮ ਹੀ ਨਹੀਂ ਬਲਕਿ ਸਮੁੱਚੇ ਭਾਈਚਾਰੇ ਦੀਆਂ ਭਾਵਨਾਵਾਂ ਜੁੜੀਆਂ ਹੋਈਆਂ ਹਨ। ਉਨ੍ਹਾਂ ਕਿਹਾ ਕਿ ਅਮਰੀਕੀ ਵੈਬਸਾਈਟ ਵੱਲੋਂ ਕੀਤੀ ਗਈ ਇਸ ਹਰਕਤ ਨਾਲ ਦੇਸ਼ ਵਿਦੇਸ਼ ਵਿਚ ਵੱਸਦੇ ਸਿੱਖਾਂ ਦੀਆਂ ਭਾਵਨਾਵਾਂ ਨੂੰ ਗਹਿਰੀ ਠੇਸ ਪੁੱਜੀ ਹੈ ਤੇ ਸਿੱਖ ਸਮੁਦਾਏ ਵਿਚ ਇਸ ਪ੍ਰਤੀ ਰੋਸ ਤੇ ਰੋਹ ਪਾਇਆ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਅਮਰੀਕੀ ਵੈਬਸਾਈਟ ਤੁਰੰਤ ਇਨ੍ਹਾਂ ਤਸਵੀਰਾਂ ਨੂੰ ਹਟਾਉਣ ਦੇ ਨਾਲ-ਨਾਲ ਜੁਰਾਬਾਂ ਤੇ ਜੁੱਤੀਆਂ ਨੂੰ ਮਾਰਕੀਟ 'ਚੋਂ ਹਟਾਏ ਤੇ ਆਪਣੇ ਦੁਆਰਾ ਕੀਤੀ ਗਈ ਇਸ ਸ਼ਰਮਨਾਕ ਹਰਕਤ ਦੀ ਪੂਰੇ ਵਿਸ਼ਵ ਦੇ ਸਿੱਖ ਸਮੁਦਾਏ ਤੋਂ ਮੁਆਫੀ ਮੰਗੇ। ਉਨ੍ਹਾਂ ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਤੇ ਵਿਦੇਸ਼ ਮੰਤਰੀ ਸ੍ਰੀ ਸੁਸ਼ਮਾ ਸਵਰਾਜ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਜਲਦ ਤੋਂ ਜਲਦ ਅਮਰੀਕਾ ਦੀ ਓਬਾਮਾ ਸਰਕਾਰ ਨੂੰ ਪੂਰੀ ਸਥਿਤੀ ਨੂੰ ਜਾਣੂੰ ਕਰਵਾ ਕੇ ਅਮਰੀਕੀ ਵੈਬਸਾਈਟ ਤੋਂ ਇਨ੍ਹਾਂ ਤਸਵੀਰਾਂ ਨੂੰ ਹਟਾਉਣ ਲਈ ਤੇ ਜੁਰਾਬਾਂ ਤੇ ਜੁੱਤੀਆਂ 'ਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਤਸਵੀਰ ਵਾਲੇ ਮਾਲ ਨੂੰ ਜ਼ਬਤ ਕਰਵਾਉਣ ਲਈ ਕਹਿਣ ਅਤੇ ਦੋਸ਼ੀਆਂ ਵਿਰੁੱਧ ਸਖਤ ਕਾਨੂੰਨੀ ਕਾਰਵਾਈ ਕਰਨ ਲਈ ਵੀ ਕਹਿਣ ਤਾਂ ਜੋ ਅੱਗੇ ਤੋਂ ਕੋਈ ਵੀ ਵਿਅਕਤੀ ਜਾਂ ਕੰਪਨੀ ਐਸੀਆਂ ਬੇਹੂਦਾ ਹਰਕਤਾਂ ਨੂੰ ਅੰਜਾਮ ਨਾ ਦੇਵੇ। *੨ ਫਰਵਰੀ*

# ਦੁਬਈ ਜੇਲ੍ਹ 'ਚ ਡੱਕੇ ਪੰਜਾਬੀ ਨੌਜਵਾਨਾਂ ਨੂੰ ਭਾਰਤ ਵਾਪਸ ਲਿਆਉਣ ਲਈ ਵਿਦੇਸ਼ ਮੰਤਰੀ ਠੋਸ ਉਪਰਾਲੇ ਕਰਨ- ਜਥੇ. ਅਵਤਾਰ ਸਿੰਘ

ਅੰਮ੍ਰਿਤਸਰ- ਦੁਬਈ ਦੀ ਐਲਾਈਨ ਜੇਲ੍ਹ 'ਚ ਡੱਕੇ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਦੇ ੧੧ ਨੌਜਵਾਨਾਂ ਬਾਰੇ ਪੰਜਾਬੀ ਦੇ ਪ੍ਰਮੁੱਖ ਅਖਬਾਰ 'ਚ ਛਪੀ ਖਬਰ ਤੇ ਜਥੇਦਾਰ ਅਵਤਾਰ ਸਿੰਘ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਗਹਿਰੀ ਚਿੰਤਾ ਪ੍ਰਗਟ ਕੀਤੀ ਹੈ। ਉਨ੍ਹਾਂ ਭਾਰਤ ਦੀ ਵਿਦੇਸ਼ ਮੰਤਰੀ ਸ੍ਰੀਮਤੀ ਸੁਸ਼ਮਾ ਸਵਰਾਜ ਨੂੰ ਜ਼ੋਰ ਦੇ ਕੇ ਕਿਹਾ ਕਿ ਉਹ ਉਥੋਂ ਦੀ ਸਰਕਾਰ ਨਾਲ ਰਾਬਤਾ ਕਾਇਮ ਕਰਕੇ ਇਨ੍ਹਾਂ ਨੌਜਵਾਨਾਂ ਨੂੰ ਭਾਰਤ ਵਾਪਸ ਲਿਆਉਣ ਲਈ ਠੋਸ ਉਪਰਾਲੇ ਕਰਨ।

ਇਥੋਂ ਜਾਰੀ ਪ੍ਰੈੱਸ ਬਿਆਨ 'ਚ ਉਨ੍ਹਾਂ ਕਿਹਾ ਕਿ ਆਪਣੇ ਪਰਿਵਾਰਾਂ ਦੀ ਰੋਜ਼ੀ-ਰੋਟੀ ਕਮਾਉਣ ਖਾਤਰ ਲੱਖਾਂ ਰੁਪਏ ਖਰਚ ਕੇ ਦੁਬਈ ਗਏ ਇਨ੍ਹਾਂ ਪੰਜਾਬੀਆਂ ਦਾ ਕਿਸੇ ਨਾਲ ਕੋਈ ਵੈਰ ਵਿਰੋਧ ਨਹੀਂ। ਉਨ੍ਹਾਂ ਕਿਹਾ ਕਿ ਪੰਜਾਬੀ ਨੌਜਵਾਨਾਂ ਦੇ ਪਰਿਵਾਰ ਡੂੰਘੀ ਚਿੰਤਾਂ ਵਿੱਚ ਹਨ। ਉਨ੍ਹਾਂ ਪੰਜਾਬ ਦੇ ਮੁੱਖ ਮੰਤਰੀ ਸ. ਪਰਕਾਸ਼ ਸਿੰਘ ਬਾਦਲ ਤੇ ਉਪ ਮੁੱਖ ਮੰਤਰੀ ਸ. ਸੁਖਬੀਰ ਸਿੰਘ ਬਾਦਲ ਨੂੰ ਅਪੀਲ ਕੀਤੀ ਹੈ ਕਿ ਉਹ ਕੇਂਦਰ ਸਰਕਾਰ ਨਾਲ ਰਾਬਤਾ ਕਾਇਮ ਕਰਕੇ ਦੁਬਈ ਦੀ ਜੇਲ੍ਹ ਵਿੱਚ ਨਜ਼ਰਬੰਦ ਪੰਜਾਬੀਆਂ ਨੂੰ ਵਾਪਸ ਲਿਆਉਣ ਲਈ ਕਹਿਣ। ਉਨ੍ਹਾਂ ਅੱਗੇ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਨ੍ਹਾਂ ਪੰਜਾਬੀ ਨੌਜਵਾਨਾਂ ਦੇ ਪਰਿਵਾਰਾਂ ਨਾਲ ਇਸ ਦੁੱਖ ਦੀ ਘੜੀ ਵਿੱਚ ਹਮੇਸ਼ਾ ਸ਼ਰੀਕ ਹੈ।

*੯ ਫਰਵਰੀ*

# ਜਥੇ. ਅਵਤਾਰ ਸਿੰਘ ਨੇ ਸਿੱਖ ਕਲਾਕਾਰ ਦੀ ਦਸਤਾਰ ਅਤੇ ਅੰਮ੍ਰਿਤਧਾਰੀ ਨੌਜਵਾਨ ਦੀ ਸ੍ਰੀ ਸਾਹਿਬ ਉਤਾਰਨ ਦੀ ਨਿੰਖੇਧੀ ਕੀਤੀ

ਅੰਮ੍ਰਿਤਸਰ- ਜਥੇਦਾਰ ਅਵਤਾਰ ਸਿੰਘ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਅਮਰੀਕਾ 'ਚ ਭਾਰਤੀ ਮੂਲ ਦੇ ਕੈਨੇਡੀਅਨ ਸਿੱਖ ਵਿਅੰਗ ਕਲਾਕਾਰ ਨੂੰ ਏਅਰ ਲਾਈਨਜ਼ ਕੰਪਨੀ ਵੱਲੋਂ ਸੁਰੱਖਿਆ ਦੇ ਨਾਂਅ 'ਤੇ ਦਸਤਾਰ ਉਤਾਰਨ ਅਤੇ ਇਟਲੀ ਦੀ ਪੁਲਿਸ ਵੱਲੋਂ ਅੰਮ੍ਰਿਤਧਾਰੀ ਸਿੱਖ ਨੌਜਵਾਨ ਦੀ ਸ੍ਰੀ ਸਾਹਿਬ ਲਾਹੁਣ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ।

ਇਥੋਂ ਜਾਰੀ ਪ੍ਰੈੱਸ ਬਿਆਨ ਵਿੱਚ ਉਨ੍ਹਾਂ ਕਿਹਾ ਕਿ ਬੜੇ ਅਫਸੋਸ ਦੀ ਗੱਲ ਹੈ ਕਿ ਵਿਦੇਸ਼ਾਂ 'ਚ ਸਿੱਖਾਂ ਨੂੰ ਆਪਣੇ ਧਾਰਮਿਕ ਚਿੰਨ੍ਹਾਂ ਕਰਕੇ ਕਾਫੀ ਜੱਦੋ-ਜਹਿਦ ਕਰਨੀ ਪੈ ਰਹੀ ਹੈ। ਉਨ੍ਹਾਂ ਕਿਹਾ ਕਿ ਪਹਿਲਾਂ ੯ ਫਰਵਰੀ ਨੂੰ ਸਿੱਖ ਅਮਰੀਕੀ ਅਦਾਕਾਰ ਵਾਰਿਸ ਆਹਲੂਵਾਲੀਆ ਨੂੰ ਦਸਤਾਰ ਕਰਕੇ ਏਅਰ ਮੈਕਸੀਕੋ ਦੀ ਫਲਾਈਟ 'ਚ ਚੜ੍ਹਨ ਤੋਂ ਰੋਕਿਆ ਗਿਆ ਜਿਸ ਦਾ ਕੌਮਾਂਤਰੀ ਪੱਧਰ 'ਤੇ ਵਿਰੋਧ ਹੋਣ 'ਤੇ ਏਅਰ ਕੰਪਨੀ ਵੱਲੋਂ ਮਾਫੀ ਮੰਗੀ ਗਈ ਤੇ ਹੁਣ ਮੌਜੂਦਾ ਘਟਨਾ ਵਿੱਚ ਸ. ਜਸਮੀਤ ਸਿੰਘ ਨੂੰ ਸਾਨ ਫਰਾਂਸਿਸਕੋ ਤੋਂ ਫਲਾਈਟ ਲੈਣ ਸਮੇਂ ਦਸਤਾਰ ਉਤਾਰਨ ਲਈ ਮਜ਼ਬੂਰ ਕੀਤਾ ਗਿਆ। ਉਨ੍ਹਾਂ ਕਿਹਾ ਕਿ ਸਿੱਖਾਂ ਦੀ ਪਹਿਚਾਣ ਸਬੰਧੀ ਵਿਤਕਰੇ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਹਰ ਦੇਸ਼ ਦੀ ਤਰੱਕੀ ਵਿੱਚ ਵੱਡਮੁੱਲਾ ਯੋਗਦਾਨ ਪਾਉਣ ਵਾਲੇ ਸਿੱਖਾਂ ਨੂੰ ਆਖਿਰ ਕਦੋਂ ਤੱਕ ਆਪਣੇ ਧਾਰਮਿਕ ਚਿੰਨ੍ਹਾਂ ਕਰਕੇ ਰੁਕਾਵਟਾਂ ਦਾ ਸਾਹਮਣਾ ਕਰਨਾ ਪਵੇਗਾ ? ਉਨ੍ਹਾਂ ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਨੂੰ ਇਕ ਵਾਰ ਫਿਰ ਪੁਰਜ਼ੋਰ ਅਪੀਲ ਕੀਤੀ ਕਿ ਉਹ ਸਿੱਖਾਂ ਨਾਲ ਸਬੰਧਤ ਮਾਮਲਿਆਂ ਨੂੰ ਆਪਣੀ ਨਿਜੀ ਦਿਲਚਸਪੀ ਲੈ ਕੇ ਹੱਲ ਕਰਵਾਉਣ ਤਾਂ ਕਿ ਸਿੱਖਾਂ ਦੀ ਪਹਿਚਾਣ ਸਬੰਧੀ ਭਰਮ-ਭੁਲੇਖੇ ਨੂੰ ਦੂਰ ਕੀਤਾ ਜਾ ਸਕੇ।

ਇਕ ਹੋਰ ਘਟਨਾ 'ਚ ਇਟਲੀ ਦੇ ਵਿਰੋਨਾ ਜ਼ਿਲ੍ਹੇ ਦੀ ਪੁਲਿਸ ਵੱਲੋਂ ਆਪਣਾ ਵਰਕ ਪਰਮਿਟ ਰੀਨਿਊ ਕਰਵਾਉਣ ਆਏ ਅੰਮ੍ਰਿਤਧਾਰੀ ਸਿੱਖ ਨੌਜਵਾਨ ਸ. ਜਸਪ੍ਰੀਤ ਸਿੰਘ ਨੂੰ ਸ੍ਰੀ ਸਾਹਿਬ ਉਤਾਰਨ ਲਈ ਕਹਿਣ 'ਤੇ

ਜਥੇਦਾਰ ਅਵਤਾਰ ਸਿੰਘ ਨੇ ਸਖ਼ਤ ਵਿਰੋਧ ਜਤਾਉਂਦਿਆਂ ਕਿਹਾ ਕਿ ਕਲਗੀਧਰ ਦਸਮੇਸ਼ ਪਿਤਾ ਵੱਲੋਂ ਅੰਮ੍ਰਿਤਧਾਰੀ ਸਿੰਘ ਨੂੰ ਬਖਸ਼ੇ ਪੰਜ ਕਕਾਰ ਉਸ ਦਾ ਅਨਿੱਖੜਵਾਂ ਅੰਗ ਹਨ ਜਿਸ ਨੂੰ ਕਦਾਚਿਤ ਵੀ ਸਰੀਰ ਤੋਂ ਵੱਖ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਇਸ ਘਟਨਾ ਨਾਲ ਦੇਸ਼-ਵਿਦੇਸ਼ ਵਿੱਚ ਵਸਦੇ ਸਿੱਖਾਂ ਵਿੱਚ ਭਾਰੀ ਰੋਸ ਤੇ ਰੋਹ ਪਾਇਆ ਜਾ ਰਿਹਾ ਹੈ। ਉਨ੍ਹਾਂ ਭਾਰਤ ਦੀ ਵਿਦੇਸ਼ ਮੰਤਰੀ ਸ੍ਰੀਮਤੀ ਸੁਸ਼ਮਾ ਸਵਰਾਜ ਨੂੰ ਅਪੀਲ ਕੀਤੀ ਕਿ ਉਹ ਇਟਲੀ ਦੀ ਸਰਕਾਰ ਨਾਲ ਗੱਲਬਾਤ ਕਰਕੇ ਪੁਲਸ ਥਾਣੇ ਦੇ ਇਮੀਗ੍ਰੇਸ਼ਨ ਵਿਭਾਗ ਖਿਲਾਫ਼ ਸਖ਼ਤ ਕਾਰਵਾਈ ਕਰਨ ਲਈ ਕਹਿਣ ਅਤੇ ਸਿੱਖ ਧਰਮ ਦੀ ਮਰਯਾਦਾ ਤੇ ਸਿਧਾਂਤਾਂ ਬਾਰੇ ਜਾਣਕਾਰੀ ਵੀ ਦੇਣ ਤਾਂ ਕਿ ਅੱਗੇ ਤੋਂ ਕੋਈ ਵੀ ਸਿੱਖ ਇਸ ਤਰ੍ਹਾਂ ਦੀ ਮੰਦਭਾਗੀ ਘਟਨਾ ਦਾ ਸ਼ਿਕਾਰ ਨਾ ਹੋਵੇ। ਉਨ੍ਹਾਂ ਭਾਰਤ ਦੀ ਵਿਦੇਸ਼ ਮੰਤਰੀ ਸ੍ਰੀਮਤੀ ਸੁਸ਼ਮਾ ਸਵਰਾਜ ਨੂੰ ਇਟਲੀ ਵਿੱਚ ਸ੍ਰੀ ਸਾਹਿਬ 'ਤੇ ਲੱਗੀ ਪਾਬੰਦੀ ਨੂੰ ਹਟਾਉਣ ਦੀ ਵੀ ਮੰਗ ਕੀਤੀ।

*੨੪ ਫਰਵਰੀ*

## ਜਥੇਦਾਰ ਅਵਤਾਰ ਸਿੰਘ ਨੇ ਓਬਾਮਾ ਵੱਲੋਂ ਸਿੱਖਾਂ ਦੀ ਸ਼ਲਾਘਾ ਕਰਨ ਦਾ ਸਵਾਗਤ ਕੀਤਾ

ਅੰਮ੍ਰਿਤਸਰ- ਜਥੇਦਾਰ ਅਵਤਾਰ ਸਿੰਘ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਵੱਲੋਂ ਸਿੱਖਾਂ ਦੀ ਸ਼ਲਾਘਾ ਕਰਨ ਦਾ ਸਵਾਗਤ ਕੀਤਾ ਹੈ। ਉਨ੍ਹਾਂ ਕਿਹਾ ਕਿ ਓਬਾਮਾ ਵੱਲੋਂ ਸਿੱਖ ਭਾਈਚਾਰੇ ਦਾ ਵਿਸ਼ਵ ਭਰ ਵਿੱਚ ਮਨੁੱਖਤਾ ਦੀ ਭਲਾਈ ਲਈ ਕੀਤੇ ਜਾਣ ਵਾਲੇ ਕਾਰਜਾਂ ਦੀ ਸ਼ਲਾਘਾ ਕਰਨਾ ਉਨ੍ਹਾਂ ਦੀ ਦੂਰ-ਅੰਦੇਸ਼ੀ ਸੋਚ ਤੇ ਸਿੱਖਾਂ ਪ੍ਰਤੀ ਸੁਚੇਰੀ ਭਾਵਨਾ ਦਾ ਨਤੀਜਾ ਹੈ। ਉਨ੍ਹਾਂ ਕਿਹਾ ਕਿ ਸਰਬੱਤ ਦੇ ਭਲੇ ਦੇ ਮਾਰਗ 'ਤੇ ਚੱਲਣਾ ਅਤੇ ਮਾਨਵਤਾ ਦੀ ਸੇਵਾ ਲਈ ਤੱਤਪਰ ਰਹਿਣਾ ਹਰ ਸਿੱਖ ਦਾ ਮੁੱਢਲਾ ਫ਼ਰਜ਼ ਹੈ। ਉਨ੍ਹਾਂ ਕਿਹਾ ਕਿ ਹੁਣ ਤੱਕ ਸਿੱਖਾਂ ਨੇ ਸਮੇਂ-ਸਮੇਂ ਤੇ ਇਸ ਮਾਰਗ 'ਤੇ ਚੱਲ ਕੇ ਇਸ ਦਾ ਪ੍ਰਮਾਣ ਵੀ ਦਿੱਤਾ ਹੈ ਕਿ ਸਿੱਖ ਹਮੇਸ਼ਾਂ ਹੀ ਸਰਬੱਤ ਦਾ ਭਲਾ ਮੰਗਦੇ ਹਨ।

ਉਨ੍ਹਾਂ ਕਿਹਾ ਕਿ ਦੇਸ਼-ਵਿਦੇਸ਼ ਵਿੱਚ ਜਦ ਵੀ ਕਦੇ ਕੁਦਰਤੀ ਆਫ਼ਤਾਂ ਆਉਂਦੀਆਂ ਹਨ ਤਾਂ ਸਿੱਖਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸਿੱਖ ਧਾਰਮਿਕ ਜਥੇਬੰਦੀਆਂ ਵੱਲੋਂ ਮੁੱਢਲੀ ਕਤਾਰ ਵਿੱਚ ਖੜ੍ਹ ਕੇ ਹਰ ਤਰ੍ਹਾਂ ਨਾਲ ਸਹਿਯੋਗ ਦਿੱਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਦੇਸ਼-ਵਿਦੇਸ਼ ਵਿੱਚ ਵੱਸਦੇ ਸਮੁੱਚੇ ਸਿੱਖ ਭਾਈਚਾਰੇ ਵੱਲੋਂ ਓਬਾਮਾ ਦੀ ਸਿੱਖਾਂ ਪ੍ਰਤੀ ਭਾਵਨਾ ਦਾ ਸਤਿਕਾਰ ਕਰਦਿਆਂ ਉਨ੍ਹਾਂ ਦੀ ਸ਼ਲਾਘਾ ਕੀਤੀ ਜਾ ਰਹੀ ਹੈ।

*੬ ਫਰਵਰੀ*

## ਸ਼੍ਰੋਮਣੀ ਕਮੇਟੀ ਨੇ ਜਰਮਨ ਕੰਪਨੀ ਬੇਅਰ ਫਾਰਮਾ ਦੇ ਮੈਨੇਜਿੰਗ ਡਾਇਰੈਕਟਰ ਨੂੰ ਪੱਤਰ ਲਿਖਿਆ

ਅੰਮ੍ਰਿਤਸਰ- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਸਕੱਤਰ ਸ. ਹਰਚਰਨ ਸਿੰਘ ਨੇ ਦਵਾਈਆਂ ਬਣਾਉਣ ਵਾਲੀ ਜਰਮਨ ਕੰਪਨੀ ਬੇਅਰ ਫਾਰਮਾ ਦੇ ਮੈਨੇਜਿੰਗ ਡਾਇਰੈਕਟਰ ਮਿਸਟਰ ਏਜਲ ਮਾਈਕਲ ਇਵਨਜੀਲਿਸਟਾ ਨੂੰ ਆਪਣੇ ਬ੍ਰਾਂਡ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਬਾਣੀ ਦੀਆਂ ਤੁਕਾਂ ਦੇਣ 'ਤੇ ਪੱਤਰ ਲਿਖਿਆ ਹੈ।

ਆਪਣੇ ਪੱਤਰ ਵਿੱਚ ਉਨ੍ਹਾਂ ਕਿਹਾ ਕਿ ਬੜੀ ਹੈਰਾਨੀ ਦੀ ਗੱਲ ਹੈ ਕਿ ਇੰਨੀ ਵੱਡੀ ਕੰਪਨੀ ਵੱਲੋਂ ਅਲਰਜੀ ਤੋਂ ਰਾਹਤ ਦਿਵਾਉਣ ਲਈ 'ਪੋਲਰਾਮੀਨ' ਨਾਮ ਹੇਠ ਦਵਾਈ ਦਾ ਬ੍ਰਾਂਡ ਤਿਆਰ ਕਰਕੇ ਉਸ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੀਆਂ ਤੁਕਾਂ ਬਿਨਾਂ ਸਿੱਖਾਂ ਦੀਆਂ ਭਾਵਨਾਵਾਂ ਨੂੰ ਧਿਆਨ 'ਚ ਰੱਖਦਿਆਂ ਉਕੇਰੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਰਬ ਸਮਰੱਥ ਤੇ ਸਰਬ-ਸਾਂਝੇ ਹਨ ਤੇ ਇਸ ਵਿੱਚ ਦਰਜ ਬਾਣੀ ਤੋਂ ਸਾਨੂੰ ਸਰੱਬਤ ਦੇ ਭਲੇ ਦਾ ਪੈਗਾਮ ਮਿਲਦਾ ਹੈ।

ਉਨ੍ਹਾਂ ਕਿਹਾ ਕਿ ਜਰਮਨ ਕੰਪਨੀ ਵੱਲੋਂ ਸਿਰਫ ਆਪਣਾ ਬ੍ਰਾਂਡ ਵੇਚਣ ਖਾਤਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਬਾਣੀ ਦੀਆਂ ਤੁਕਾਂ ਦਾ ਨਿਰਾਦਰ ਕਰਨ ਨਾਲ ਦੇਸ਼-ਵਿਦੇਸ਼ ਵਸਦੇ ਸਿੱਖਾਂ ਦੀਆਂ ਭਾਵਨਾਵਾਂ ਨੂੰ ਡੂੰਘੀ ਠੇਸ ਪਹੁੰਚੀ ਹੈ। ਉਨ੍ਹਾਂ ਕਿਹਾ ਕਿ ਭਾਵੇਂ ਜਰਮਨ ਕੰਪਨੀ ਵੱਲੋਂ ਆਪਣੀ ਕਾਰਵਾਈ ਲਈ ਮੁਆਫੀ ਮੰਗੀ ਗਈ ਹੈ, ਪਰ ਉਹ ਆਪਣੇ ਬ੍ਰਾਂਡ ਤੋਂ ਪਾਵਨ ਪਵਿੱਤਰ ਗੁਰਬਾਣੀ ਦੀਆਂ ਤੁਕਾਂ ਨੂੰ ਤੁਰੰਤ ਹਟਾਏ। ਇਥੇ ਜ਼ਿਕਰਯੋਗ ਹੈ ਕਿ ਸਬੰਧਤ ਕੰਪਨੀ ਵੱਲੋਂ ਪੱਤਰ ਭੇਜ ਕੇ ਮੁਆਫੀ ਮੰਗ ਲਈ ਗਈ ਹੈ।

*੮ ਫਰਵਰੀ*

# ਸਿੱਖੀ ਅੰਦਰ ਸੇਵਾ ਦਾ ਵਿਸ਼ੇਸ਼ ਮਹੱਤਵ ਹੈ- ਜਥੇਦਾਰ ਅਵਤਾਰ ਸਿੰਘ

## ਸ੍ਰੀ ਗੁਰੂ ਰਾਮਦਾਸ ਲੰਗਰ ਵਿੱਚ ਪ੍ਰਸ਼ਾਦੇ ਵਰਤਾਉਣ ਦੀ ਸੇਵਾ ਕੀਤੀ

ਅੰਮ੍ਰਿਤਸਰ- ਜਥੇਦਾਰ ਅਵਤਾਰ ਸਿੰਘ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਹਲਕਾ ਪੱਛਮੀ ਲੁਧਿਆਣਾ ਦੀਆਂ ਸੰਗਤਾਂ ਨਾਲ ਸ੍ਰੀ ਗੁਰੂ ਰਾਮਦਾਸ ਲੰਗਰ ਵਿੱਚ ਸੇਵਾ ਕੀਤੀ। ਜਥੇਦਾਰ ਅਵਤਾਰ ਸਿੰਘ ਸ੍ਰੀ ਗੁਰੂ ਰਾਮਦਾਸ ਲੰਗਰ ਵਿੱਚ ਸ਼੍ਰੋਮਣੀ ਕਮੇਟੀ ਮੈਂਬਰਾਂ ਸ. ਸੁਰਜੀਤ ਸਿੰਘ ਭਿੱਟੇਵਿੱਡ, ਸ. ਮਗਵਿੰਦਰ ਸਿੰਘ ਖਾਪੜਖੇੜੀ, ਭਾਈ ਰਾਮ ਸਿੰਘ, ਸ. ਹਰਜਾਪ ਸਿੰਘ ਸੁਲਤਾਨਵਿੰਡ ਤੇ ਲੁਧਿਆਣਾ ਦੀ ਸੰਗਤ ਨਾਲ ਸਬਜੀਆਂ ਕੱਟਣ ਤੇ ਮਟਰ ਕੱਢਣ ਦੀ ਸੇਵਾ ਕਰ ਰਹੇ ਸਨ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿੱਚ ਨਤਮਸਤਕ ਹੋਣ ਉਪਰੰਤ ਜਥੇਦਾਰ ਅਵਤਾਰ ਸਿੰਘ ਨੇ ਸ੍ਰੀ ਗੁਰੂ ਰਾਮਦਾਸ ਲੰਗਰ ਵਿੱਚ ਅਰਦਾਸ ਉਪਰੰਤ ਪ੍ਰਸ਼ਾਦੇ ਵਰਤਾਉਣ ਦੀ ਸੇਵਾ ਕੀਤੀ। ਅਰਦਾਸ ਭਾਈ ਮਨਜੀਤ ਸਿੰਘ ਗ੍ਰੰਥੀ ਸ੍ਰੀ ਗੁਰੂ ਰਾਮਦਾਸ ਲੰਗਰ ਨੇ ਕੀਤੀ।

ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਜਥੇਦਾਰ ਅਵਤਾਰ ਸਿੰਘ ਨੇ ਕਿਹਾ ਕਿ ਸਿੱਖੀ 'ਚ ਸੇਵਾ ਦਾ ਵਿਸ਼ੇਸ਼ ਮਹੱਤਵ ਹੈ। ਉਨ੍ਹਾਂ ਕਿਹਾ ਕਿ ਹਰ ਸਿੱਖ ਨੂੰ ਗੁਰੂ ਸਾਹਿਬਾਨ ਵੱਲੋਂ ਚਲਾਈ ਰੀਤ ਅਨੁਸਾਰ ਤਨ, ਮਨ ਤੇ ਧਨ ਨਾਲ ਸੇਵਾ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਸਿੱਖ ਧਰਮ ਦੇ ਮੋਢੀ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਚਲਾਈ ਗਈ ਲੰਗਰ ਦੀ ਰਵਾਇਤ ਦੁਨੀਆਂ ਦੇ ਹੋਰ ਕਿਸੇ ਵੀ ਧਰਮ ਵਿੱਚ ਵੇਖਣ ਨੂੰ ਨਹੀਂ ਮਿਲਦੀ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਨਾਨਕ ਪਾਤਸ਼ਾਹ ਤੋਂ ਬਾਅਦ ਦੂਸਰੇ ਗੁਰੂ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਇਸ ਪ੍ਰਥਾ ਨੂੰ ਸੰਗਠਿਤ ਰੂਪ ਦੇ ਕੇ ਅੱਗੇ ਵਧਾਇਆ। ਉਨ੍ਹਾਂ ਦੇ ਮਹਿਲ ਮਾਤਾ ਖੀਵੀ ਜੀ ਨੇ ਲੰਗਰ ਦੀ ਸੇਵਾ ਵਿੱਚ ਆਪਣਾ ਵੱਡਮੁੱਲਾ ਯੋਗਦਾਨ ਪਾਇਆ। ਜਿਸ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ 'ਰਾਮਕਲੀ ਕੀ ਵਾਰ ਰਾਇ ਬਲਵੰਡਿ ਤਥਾ ਸਤੈ ਡੂਮਿ ਆਖੀ' ਸਿਰਲੇਖ ਅਧੀਨ ਵਿਸ਼ੇਸ਼ ਤੌਰ 'ਤੇ ਜ਼ਿਕਰ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਅਮਰਦਾਸ ਜੀ ਸਮੇਂ ਲੰਗਰ ਦੀ ਪ੍ਰਥਾ ਹੋਰ ਵੀ ਵਧੇਰੇ ਸੰਗਠਿਤ ਹੋ ਗਈ ਤੇ ਉਨ੍ਹਾਂ ਲੰਗਰ ਦੀ ਪ੍ਰਥਾ ਨੂੰ ਸਿੱਖ ਧਰਮ ਦਾ ਇਕ ਅਟੁੱਟ ਅੰਗ ਬਣਾ ਦਿੱਤਾ। ਉਨ੍ਹਾਂ ਕਿਹਾ ਕਿ ਅਸੀਂ ਵਡਭਾਗੇ ਹਾਂ ਕਿ ਵੱਖ-ਵੱਖ ਜ਼ਿਲ੍ਹਿਆਂ ਦੀਆਂ ਹਲਕਾ ਨਿਵਾਸੀ ਸੰਗਤਾਂ ਦੇ ਸਹਿਯੋਗ ਨਾਲ ਕੀਤੀ ਗਈ ਸੇਵਾ ਵਿੱਚ ਲੁਧਿਆਣਾ ਦੇ ਪੱਛਮੀ ਹਲਕੇ ਦੀਆਂ ਸੰਗਤਾਂ ਨੂੰ ਪਹਿਲਾ ਸੁਭਾਗ ਮੌਕਾ ਪ੍ਰਾਪਤ ਹੋਇਆ ਹੈ। ਉਨ੍ਹਾਂ ਕਿਹਾ ਕਿ ਛੇਤੀ ਹੀ ਸ਼੍ਰੋਮਣੀ ਅਕਾਲੀ ਦਲ ਵੱਲੋਂ ਸਾਰੇ ਸ਼੍ਰੋਮਣੀ ਕਮੇਟੀ ਮੈਂਬਰਾਂ ਨੂੰ ਇਹ ਸੇਵਾ ਸੌਂਪੀ ਜਾ ਰਹੀ ਹੈ ਤੇ ਕ੍ਰਮਵਾਰ ਸਾਰਿਆਂ ਦੀਆਂ ਡਿਊਟੀਆਂ ਲਗਾਈਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਕੱਲ੍ਹ ੨੯ ਫਰਵਰੀ ਨੂੰ ਲੁਧਿਆਣਾ ਦੇ ਗੁਰਦੁਆਰਾ ਮਾਡਲ ਟਾਊਨ ਐਕਸਟੈਨਸ਼ਨ ਤੋਂ ਹਲਕਾ ਪੱਛਮੀ ਦੀਆਂ ਸੰਗਤਾਂ ਵੱਲੋਂ ਸ੍ਰੀ ਗੁਰੂ ਰਾਮਦਾਸ ਜੀ ਦੇ ਲੰਗਰ ਦੀ ਸੇਵਾ ਸ੍ਰੀ ਅੰਮ੍ਰਿਤਸਰ ਲਿਆਉਣ ਸਮੇਂ ਸ਼੍ਰੋਮਣੀ ਕਮੇਟੀ ਮੈਂਬਰ ਸ. ਨਿਰਮਲ ਸਿੰਘ ਘਰਾਚੋਂ ਹਲਕਾ ਸੰਗਰੂਰ ਦੀ ਲੁਧਿਆਣਾ ਵਿਖੇ ਆਉਣ ਸਮੇਂ ਰਸਤੇ ਵਿੱਚ ਹੋਏ ਭਿਆਨਕ ਐਕਸੀਡੈਂਟ ਕਾਰਣ ਮੌਤ ਹੋ ਗਈ। ਜੋ ਬਹੁਤ ਹੀ ਦੁੱਖਦਾਈ ਘਟਨਾ ਹੈ। ਉਨ੍ਹਾਂ ਕਿਹਾ ਕਿ ਇਸ ਸਮੇਂ ਸਮਾਗਮ ਵਿੱਚ ਪਹੁੰਚੇ ਸਮੂਹ ਸ਼੍ਰੋਮਣੀ ਕਮੇਟੀ ਮੈਂਬਰਾਂ ਵੱਲੋਂ ਪੰਜ ਮੂਲ ਮੰਤਰ ਦੇ ਪਾਠ ਕਰਕੇ ਵਿੱਛੜੀ ਰੂਹ ਦੀ ਆਤਮਿਕ ਸ਼ਾਂਤੀ ਲਈ ਅਰਦਾਸ ਕੀਤੀ ਗਈ। ਉਨ੍ਹਾਂ ਕਿਹਾ ਕਿ ਇਸੇ ਸਬੰਧ ਵਿੱਚ ਸ਼੍ਰੋਮਣੀ ਕਮੇਟੀ ਦੇ ਦਫ਼ਤਰ ਅਤੇ ਇਸ ਨਾਲ ਸਬੰਧਤ ਸਮੂਹਿਕ ਅਦਾਰੇ ਬੰਦ ਕਰ ਦਿੱਤੇ ਗਏ ਹਨ। ਉਨ੍ਹਾਂ

*(ਬਾਕੀ ਪੰਨਾ ੫੧ 'ਤੇ)*



ਗੁਰੂ ਗੋਬਿੰਦ ਸਿੰਘ ਖ਼ਾਲਸਾ ਕਾਲਜ (ਲੜਕੀਆਂ), ਝਾੜ ਸਾਹਿਬ (ਲੁਧਿਆਣਾ) ਵਿਖੇ ਸਾਲਾਨਾ ਇਨਾਮ ਵੰਡ ਸਮਾਗਮ ਦੌਰਾਨ ਵਿਦਿਆਰਥਣਾ ਨੂੰ ਸਨਮਾਨਿਤ ਕਰਦੇ ਹੋਏ ਜਥੇਦਾਰ ਅਵਤਾਰ ਸਿੰਘ ਪ੍ਰਧਾਨ ਸ਼੍ਰੋਮਣੀ ਕਮੇਟੀ ਅਤੇ ਹੋਰ ਪ੍ਰਮੁੱਖ ਸ਼ਖ਼ਸੀਅਤਾਂ।

(2 ਮਾਰਚ 2016)



ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨ ਪਹੁੰਚੇ ਸ. ਮਨਪ੍ਰੀਤ ਸਿੰਘ ਚੇਅਰਮੈਨ ਇੰਡੀਅਨ ਸੋਸ਼ਲ ਕਲੱਬ ਸੱਲਾਹ ਓਮਾਨ ਨੂੰ ਸੂਚਨਾ ਕੇਂਦਰ ਵਿਖੇ ਸਨਮਾਨਿਤ ਕਰਦੇ ਹੋਏ ਸ. ਦਿਲਜੀਤ ਸਿੰਘ 'ਬੇਦੀ' ਵਧੀਕ ਸਕੱਤਰ, ਸ. ਸੁਲੱਖਣ ਸਿੰਘ ਮੈਨੇਜਰ, ਸ. ਸੁਖਵਿੰਦਰ ਸਿੰਘ ਗਰੇਵਾਰ ਨਿੱਜੀ ਸਹਾਇਕ ਤੇ ਹੋਰ।

(12 ਫਰਵਰੀ 2016)



ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਵਫਦ ਸਮੇਤ ਨਤਮਸਤਕ ਹੋਣ ਪਹੁੰਚੇ ਸ. ਪ੍ਰੇਮ ਸਿੰਘ ਚੰਦੂਮਾਜਰਾ ਮੈਂਬਰ ਪਾਰਲੀਮੈਂਟ ਅਤੇ ਸ੍ਰੀ ਪ੍ਰਦੀਪ ਭੱਟਾਚਾਰੀਆ ਐਮ.ਪੀ. ਚੇਅਰਮੈਨ ਸਟੈਂਡਿੰਗ ਕਮੇਟੀ ਨੂੰ ਸੂਚਨਾ ਕੇਂਦਰ ਵਿਖੇ ਸਨਮਾਨਿਤ ਕਰਦੇ ਹੋਏ ਸ. ਹਰਚਰਨ ਸਿੰਘ ਮੁੱਖ ਸਕੱਤਰ, ਸ. ਦਿਲਜੀਤ ਸਿੰਘ 'ਬੇਦੀ' ਵਧੀਕ ਸਕੱਤਰ ਤੇ ਸ. ਸੁਖਵਿੰਦਰ ਸਿੰਘ ਗਰੇਵਾਲ।

(12 ਫਰਵਰੀ 2016)



ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨ ਆਏ ਅੰਬੂਜਾ ਸੀਮੈਂਟ ਕੰਪਨੀ ਦੇ ਐਮ.ਡੀ. ਸ੍ਰੀ ਅਜੈ ਕਪੂਰ ਨੂੰ ਸੂਚਨਾ ਕੇਂ ਦਰ ਵਿਖੇ ਸਨਮਾਨਿਤ ਕਰਦੇ ਹੋਏ ਸ. ਸੁਲੱਖਣ ਸਿੰਘ ਮੈਨੇਜਰ ਤੇ ਸ. ਗੁਰਬਚਨ ਸਿੰਘ ਮੁੱਖ ਸੂਚਨਾ ਅਧਿਕਾਰੀ।

(20 ਫਰਵਰੀ 2016)



ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨ ਪਹੁੰਚੇ ਬੁੱਧ ਧਰਮ ਦੇ ਵੇਨ ਲਚੁੰਗ ਰਿਨਪੋਚੇ ਨੂੰ ਸੂਚਨਾ ਕੇਂਦਰ ਵਿਖੇ ਸਨਮਾਨਿਤ ਕਰਦੇ ਹੋਏ ਸ. ਹਰਚਰਨ ਸਿੰਘ ਮੁੱਖ ਸਕੱਤਰ।

(20 ਫਰਵਰੀ 2016)



ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨ ਆਏ ਕਾਮਨ ਵੈਲਥ ਆਫ ਦੋਮੀਨੀਕਾ ਦੇ ਪ੍ਰਧਾਨ ਮੰਤਰੀ ਮਿਸਟਰ ਰੂਜ਼ਵੈਲਟ ਸਕੈਰਿ ਟ, ਕੈਬਨਿਟ ਸਕੱਤਰ ਮਿਸਟਰ ਸਟੀਵ ਫੈਰਨ ਤੇ ਉਨ੍ਹਾਂ ਦੇ ਸਾਥੀਆਂ ਨੂੰ ਸਨਮਾਨਿਤ ਕਰਦੇ ਹੋਏ ਸ. ਗੁਰਬਚਨ ਸਿੰਘ ਮੁੱਖ ਸੂਚਨਾ ਅਧਿ ਕਾਰੀ।

(22 ਫਰਵਰੀ 2016)



ਕੈਨੇਡਾ ਦੇ ਮੰਤਰੀ ਸ. ਅਮਰਜੀਤ ਸਿੰਘ ਸੋਹੀ ਨੂੰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਆਉਣ 'ਤੇ ਸੂਚਨਾ ਕੇਂਦਰ ਵਿਖੇ ਸਨਮਾਨਿਤ ਕਰਦੇ ਹੋਏ ਸ. ਹਰਚਰਨ ਸਿੰਘ ਮੁੱਖ ਸਕੱਤਰ ਤੇ ਹੋਰ।

(20 ਫਰਵਰੀ 2016)



ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵੱਲੋਂ ਖ਼ਾਲਸਈ ਯੁਵਕ ਮੇਲੇ ਸਮੇਂ ਭਾਸ਼ਣ ਮੁਕਾਬਲੇ ਵਿਚ ਸਥਾਨ ਹਾਸਲ ਕਰਨ 'ਤੇ ਗੁਰੂ ਗੋਬਿੰਦ ਸਿੰਘ ਤ੍ਰੈ-ਸ਼ਤਾਬਦੀ ਖ਼ਾਲਸਾ ਕਾਲਜ ਦੀ ਵਿਦਿਆਰਥਣ ਸਿਮਰਨਜੀਤ ਕੌਰ ਨੂੰ ਸਨਮਾਨਿਤ ਕਰਦੇ ਹੋਏ ਪ੍ਰਿੰਸੀਪਲ ਸ੍ਰੀਮਤੀ ਜਤਿੰਦਰ ਕੌਰ, ਪ੍ਰੋ. ਹਰਜੀਤ ਕੌਰ ਤੇ ਪ੍ਰੋ. ਗੁਰਜੰਟ ਸਿੰਘ।



ਭਾਈ ਗੁਰਦਾਸ ਹਾਲ, ਸ੍ਰੀ ਅੰਮ੍ਰਿਤਸਰ ਵਿਖੇ ਸਿੱਖ ਇਤਿਹਾਸ, ਸਿੱਖ ਰਹਿਤ ਮਰਯਾਦਾ ਤੇ ਗੁਰਬਾਣੀ ਕੰਠ ਮੁਕਾਬਲਿਆਂ ਦੌਰਾਨ ਸਿੰਘ ਸਾਹਿਬ ਗਿ: ਜਗਤਾਰ ਸਿੰਘ, ਸ. ਰਜਿੰਦਰ ਸਿੰਘ ਮਹਿਤਾ ਅੰਤ੍ਰਿੰਗ ਮੈਂਬਰ, ਭਾਈ ਰਾਮ ਸਿੰਘ ਮੈਂਬਰ, ਡਾ. ਰੂਪ ਸਿੰਘ ਤੇ ਸ. ਮਨਜੀਤ ਸਿੰਘ ਸਕੱਤਰ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ। (11 ਫਰਵਰੀ 2016)



ਭਾਈ ਗੁਰਦਾਸ ਹਾਲ, ਸ੍ਰੀ ਅੰਮ੍ਰਿਤਸਰ ਵਿਖੇ ਸਿੱਖ ਇਤਿਹਾਸ, ਸਿੱਖ ਰਹਿਤ ਮਰਯਾਦਾ ਤੇ ਗੁਰਬਾਣੀ ਕੰਠ ਮੁਕਾਬਲਿਆਂ ਦੌਰਾਨ ਪਹਿਲੇ, ਦੂਜੇ ਤੇ ਤੀਜੇ ਸਥਾਨ 'ਤੇ ਆਏ ਵਿਦਿਆਰਥੀਆਂ ਨੂੰ ਸਨਮਾਨਿਤ ਕਰਦੇ ਹੋਏ ਸਿੰਘ ਸਾਹਿਬ ਗਿ: ਜਗਤਾਰ ਸਿੰਘ, ਭਾਈ ਰਾਮ ਸਿੰਘ ਤੇ ਸ. ਬਲਵਿੰਦਰ ਸਿੰਘ ਕੋਟਲਾ ਮੈਂਬਰ, ਡਾ. ਰੂਪ ਸਿੰਘ ਤੇ ਸ. ਮਨਜੀਤ ਸਿੰਘ ਸਕੱਤਰ, ਸ. ਸੁਖਦੇਵ ਸਿੰਘ ਭੂਰਾ ਕੋਹਨਾ, ਸ. ਰਣਜੀਤ ਸਿੰਘ ਤੇ ਸ. ਪ੍ਰਤਾਪ ਸਿੰਘ ਵਧੀਕ ਸਕੱਤਰ ਤੇ ਹੋਰ। (11 ਫਰਵਰੀ 2016)



ਧਰਮ ਪ੍ਰਚਾਰ ਕਮੇਟੀ ਵੱਲੋਂ ਤਰਨ ਤਾਰਨ ਵਿਖੇ ਕਰਵਾਏ ਗਏ ਸਕੂਲੀ ਬੱਚਿਆਂ ਦੇ ਧਾਰਮਿਕ ਮੁਕਾਬਲਿਆਂ ਵਿਚ ਪੁਜੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕਰਦੇ ਹੋਏ ਸ. ਸੁਖਦੇਵ ਸਿੰਘ ਭੂਰਾ ਕੋਹਨਾ ਵਧੀਕ ਸਕੱਤਰ, ਸ. ਚਾਨਣ ਸਿੰਘ ਮੀਤ ਸਕੱਤਰ, ਮੈਨੇਜਰ ਸ. ਅਰਜਨ ਸਿੰਘ ਅਤੇ ਪ੍ਰਚਾਰਕ ਸਾਹਿਬਾਨ।

(18 ਫਰਵਰੀ 2016)



ਕਾਦੀਆਂ (ਗੁਰਦਾਸਪੁਰ) ਵਿਖੇ ਕਰਵਾਏ ਗਏ ਅੰਮ੍ਰਿਤ-ਸੰਚਾਰ ਸਮਾਗਮ ਸਮੇਂ ਪੰਜ ਪਿਆਰੇ ਸਾਹਿਬਾਨ ਅਤੇ ਜਥੇਦਾਰ ਗੁਰਿੰਦਰਪਾਲ ਸਿੰਘ ਗੋਰਾ ਮੈਂਬਰ ਸ਼੍ਰੋਮਣੀ ਕਮੇਟੀ ਅੰਮ੍ਰਿਤ-ਅਭਿਲਾਖੀ ਸੰਗਤਾਂ ਨਾਲ।



ਧਰਮ ਪ੍ਰਚਾਰ ਕਮੇਟੀ ਵੱਲੋਂ ਬਟਾਲਾ (ਗੁਰਦਾਸਪੁਰ) ਵਿਖੇ ਕਰਵਾਏ ਗਏ ਸਕੂਲੀ ਬੱਚਿਆਂ ਦੇ ਸਿੱਖ ਇਤਿਹਾਸ, ਰਹਿਤ ਮਰਯਾਦਾ ਤੇ ਗੁਰਬਾਣੀ ਕੰਠ ਮੁਕਾਬਲਿਆਂ ਸਮੇਂ ਅਵੱਲ ਆਉਣ ਵਾਲੇ ਬੱਚਿਆਂ ਨੂੰ ਸਨਮਾਨਤ ਕਰਦੇ ਹੋਏ ਜਥੇਦਾਰ ਗੁਰਿੰਦਰਪਾਲ ਸਿੰਘ ਗੋਰਾ ਮੈਂਬਰ ਸ਼੍ਰੋਮਣੀ ਕਮੇਟੀ, ਸ. ਸੁਖਦੇਵ ਸਿੰਘ ਭੂਰਾ ਕੋਹਨਾ ਵਧੀਕ ਸਕੱਤਰ ਅਤੇ ਹੋਰ।



ਸ. ਬਲਵਿੰਦਰ ਸਿੰਘ ਪ੍ਰਿੰਸੀਪਲ ਸ੍ਰੀ ਗੁਰੂ ਰਾਮਦਾਸ ਖਾਲਸਾ ਸੀਨੀਅਰ ਸੈਕੰਡਰੀ ਸਕੂਲ, ਸ੍ਰੀ ਅੰਮ੍ਰਿਤਸਰ ਨੂੰ ਸੇਵਾ-ਮੁਕਤ ਹੋਣ 'ਤੇ ਸਨਮਾਨਿਤ ਕਰਦੇ ਹੋਏ ਸ. ਬਲਵਿੰਦਰ ਸਿੰਘ ਜੌੜਾਸਿੰਘਾ ਤੇ ਸ. ਕੇਵਲ ਸਿੰਘ ਐਡੀ. ਸਕੱਤਰ ਸ਼੍ਰੋਮਣੀ ਕਮੇਟੀ ਤੇ ਹੋਰ।

(29 ਫਰਵਰੀ 2016)




ਸ਼੍ਰੋਮਣੀ ਕਮੇਟੀ ਦੇ ਸੇਵਾ-ਮੁਕਤ ਹੋਏ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਮੁਲਜ਼ਮ ਭਲਾਈ ਸਕੀਮ ਤਹਿਤ ਸਨਮਾਨਿਤ ਕਰਨ ਉਪਰੰਤ ਸ਼੍ਰੋਮਣੀ ਕਮੇਟੀ ਦੇ ਸਕੱਤਰ ਸ. ਮਨਜੀਤ ਸਿੰਘ ਅਤੇ ਹੋਰ ਅਧਿਕਾਰੀ।

(17 ਫਰਵਰੀ 2016)



ਸ. ਦਰਸ਼ਨ ਸਿੰਘ ਇੰਚਾਰਜ ਧਾਰਮਿਕ ਪ੍ਰੀਖਿਆ ਤੇ ਸ. ਜੋਗਿੰਦਰ ਸਿੰਘ ਕਲਰਕ ਧਰਮ ਪ੍ਰਚਾਰ ਕਮੇਟੀ ਨੂੰ ਸੇਵਾ-ਮੁਕਤ ਹੋਣ ਸਮੇਂ ਵਿਦਾਇਗੀ ਦਿੰਦੇ ਹੋਏ ਸ. ਸੁਖਦੇਵ ਸਿੰਘ ਭੌਰ ਜਨਰਲ ਸਕੱਤਰ, ਸ. ਗੁਰਿੰਦਰਪਾਲ ਸਿੰਘ ਗੋਰਾ ਮੈਂਬਰ, ਸ. ਹਰਚਰਨ ਸਿੰਘ ਮੁੱ ਖ ਸਕੱਤਰ, ਡਾ. ਰੂਪ ਸਿੰਘ ਸਕੱਤਰ, ਐਡੀ. ਸਕੱਤਰ ਸ. ਸੁਖਦੇਵ ਸਿੰਘ ਭੂਰਾ ਕੋਹਨਾ, ਸ. ਬਿਜੈ ਸਿੰਘ, ਸ. ਪ੍ਰਤਾਪ ਸਿੰਘ ਤੇ ਹੋਰ।

(29 ਫਰਵਰੀ 2016)

(ਪੰਨਾ ੪੨ ਦਾ ਬਾਕੀ)

ਕਿਹਾ ਕਿ ਸ. ਘਰਾਚੋਂ ਗੁਰੂ ਘਰ ਦੇ ਬਹੁਤ ਸਿਦਕੀ ਤੇ ਸ਼ਰਧਾਵਾਨ ਸਿੱਖ ਸਨ ਤੇ ਉਨ੍ਹਾਂ ਆਪਣਾ ਸਾਰਾ ਜੀਵਨ ਸੇਵਾ ਸਿਮਰਨ ਵਿੱਚ ਹੀ ਲਗਾਇਆ।

ਇਸ ਮੌਕੇ ਸ. ਮਨਜੀਤ ਸਿੰਘ ਸਕੱਤਰ, ਸ. ਦਿਲਜੀਤ ਸਿੰਘ ਬੇਦੀ, ਸ. ਸੁਖਦੇਵ ਸਿੰਘ ਭੂਰਾਕੋਹਨਾ ਤੇ ਸ. ਪ੍ਰਤਾਪ ਸਿੰਘ ਵਧੀਕ ਸਕੱਤਰ, ਸ. ਸਤਿੰਦਰ ਸਿੰਘ ਨਿਜੀ ਸਹਾਇਕ, ਭਾਈ ਕੁਲਵਿੰਦਰ ਸਿੰਘ ਅਰਦਾਸੀਆ, ਸ. ਕੁਲਵਿੰਦਰ ਸਿੰਘ ਮੀਤ ਸਕੱਤਰ, ਸ. ਸੁਲੱਖਣ ਸਿੰਘ ਮੈਨੇਜਰ ਤੇ ਸ. ਗੁਰਿੰਦਰ ਸਿੰਘ ਮੈਨੇਜਰ, ਸ. ਇੰਦਰ ਮੋਹਣ ਸਿੰਘ 'ਅਨਜਾਣ' ਇੰਚਾਰਜ ਪਬਲੀਸਿਟੀ ਤੇ ਸ. ਪਲਵਿੰਦਰ ਸਿੰਘ ਇੰਚਾਰਜ, ਸ. ਹਰਜਿੰਦਰ ਸਿੰਘ ਸੁਪ੍ਰਿੰਟੈਂਡੈਂਟ, ਸ. ਹਰਜਿੰਦਰ ਸਿੰਘ, ਸ. ਜਤਿੰਦਰ ਸਿੰਘ, ਸ. ਸਤਨਾਮ ਸਿੰਘ ਮਾਂਗਾਸਰਾਏ ਤੇ ਸ. ਬਘੇਲ ਸਿੰਘ ਵਧੀਕ ਮੈਨੇਜਰ, ਸ. ਲਖਬੀਰ ਸਿੰਘ ਮੀਤ ਸਕੱਤਰ, ਸ. ਅਰਵਿੰਦਰ ਸਿੰਘ 'ਸਾਸਨ' ਏ ਪੀ ਆਰ ਓ, ਸ. ਗੁਰਵਿੰਦਰ ਸਿੰਘ ਨਿਜੀ ਸਹਾਇਕ, ਸ. ਬਲਬੀਰ ਸਿੰਘ ਤੇ ਸ. ਭੁਪਿੰਦਰ ਸਿੰਘ ਇੰਚਾਰਜ ਲੰਗਰ ਆਦਿ ਮੌਜੂਦ ਸਨ। *੨੨ ਫਰਵਰੀ*

## ਜਥੇਦਾਰ ਅਵਤਾਰ ਸਿੰਘ ਨੇ ਮਲੇਸ਼ੀਆ 'ਚ ਸ. ਅਮਰ ਸਿੰਘ ਨੂੰ ਪੁਲੀਸ ਵਿਭਾਗ ਦਾ ਮੁਖੀ ਬਣਾਏ ਜਾਣ 'ਤੇ ਵਧਾਈ ਦਿੱਤੀ

ਅੰਮ੍ਰਿਤਸਰ- ਜਥੇਦਾਰ ਅਵਤਾਰ ਸਿੰਘ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਮਲੇਸ਼ੀਆ ਵਿੱਚ ਕੁਆਲਾਲੰਪੁਰ ਦੇ ਸ. ਅਮਰ ਸਿੰਘ ਨੂੰ ਪੁਲੀਸ ਵਿਭਾਗ ਦਾ ਮੁਖੀ ਬਣਾਏ ਜਾਣ 'ਤੇ ਵਧਾਈ ਦਿੱਤੀ ਹੈ।

ਦਫ਼ਤਰ ਤੋਂ ਜਾਰੀ ਪ੍ਰੈੱਸ ਬਿਆਨ ਵਿੱਚ ਜਥੇਦਾਰ ਅਵਤਾਰ ਸਿੰਘ ਨੇ ਕਿਹਾ ਕਿ ਸ. ਅਮਰ ਸਿੰਘ ਨੂੰ ਮਲੇਸ਼ੀਆ ਦੇ ਕੁਆਲਾਲੰਪੁਰ ਵਿੱਚ ਪੁਲੀਸ ਮੁਖੀ ਥਾਪੇ ਜਾਣ ਨਾਲ ਦੇਸ਼-ਵਿਦੇਸ਼ ਵਿਚ ਵੱਸਦੇ ਸਿੱਖਾਂ ਦਾ ਸਿਰ ਮਾਣ ਨਾਲ ਉੱਚਾ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਸ. ਅਮਰ ਸਿੰਘ ਵੱਲੋਂ ਮਲੇਸ਼ੀਆ ਵਰਗੇ ਮੁਲਕ ਵਿੱਚ ਰਹਿੰਦੇ ਹੋਏ ਏਨੇ ਵੱਡੇ ਰੁਤਬੇ ਨੂੰ ਹਾਸਲ ਕਰਨਾ ਵੱਡਮੁੱਲੀ ਤੇ ਸ਼ਲਾਘਾਯੋਗ ਪ੍ਰਾਪਤੀ ਹੈ ਤੇ ਇਸ ਨਾਲ ਪੂਰੀ ਸਿੱਖ ਕੌਮ ਦਾ ਸਿਰ ਉੱਚਾ ਹੋਇਆ ਹੈ। ਉਨ੍ਹਾਂ ਕਿਹਾ ਕਿ ਅੱਜ ਸਿੱਖ ਵਿਸ਼ਵ ਪੱਧਰ 'ਤੇ ਦੁਨੀਆਂ ਦੇ ਜਿਸ ਕੋਨੇ ਵਿੱਚ ਵੀ ਵਸ ਰਹੇ ਹਨ ਉਨ੍ਹਾਂ ਆਪਣੀ ਮਿਹਨਤ ਤੇ ਲਗਨ ਸਦਕਾ ਪੰਜਾਬ ਅਤੇ ਪੰਜਾਬੀਅਤ ਦਾ ਪੂਰੀ ਦੁਨੀਆਂ ਵਿੱਚ ਨਾਮ ਰੌਸ਼ਨ ਕੀਤਾ ਹੈ। ਉਨ੍ਹਾਂ ਕਿਹਾ ਕਿ ਬੇਸ਼ੱਕ ਸਿੱਖ ਕੌਮ ਘੱਟ ਗਿਣਤੀ ਵਜੋਂ ਜਾਣੀ ਜਾਂਦੀ ਹੈ, ਪਰ ਇਨ੍ਹਾਂ ਦੀ ਕਾਰਗੁਜਾਰੀ ਨੇ ਦੁਨੀਆਂ ਵਿੱਚ ਇਨ੍ਹਾਂ ਦੇ ਅਕਸ ਨੂੰ ਵੱਡੇ ਪੱਧਰ 'ਤੇ ਉਭਾਰਿਆ ਹੈ। *੨੨ ਫਰਵਰੀ*

## ਸਿੱਖ ਕੌਮ ਦੀ ਵਿਰਾਸਤ ਉਸ ਦਾ ਅਮੀਰ ਵਿਰਸਾ ਹੈ- ਜਥੇ. ਅਵਤਾਰ ਸਿੰਘ

### ਜਥੇਦਾਰ ਅਵਤਾਰ ਸਿੰਘ ਨੇ ਸਿੱਖ ਇਤਿਹਾਸ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਸੰਪਾਦਨਾ ਸਰੋਤ ਪ੍ਰੋਜੈਕਟ ਲਈ ੨੫ ਲੱਖ ਦਾ ਚੈਕ ਦਿੱਤਾ

ਅੰਮ੍ਰਿਤਸਰ- ਸ੍ਰੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ ਵਿਖੇ ਸ. ਬੋਬੀ ਸਿੰਘ ਬਾਂਸਲ ਲੰਡਨ ਨਿਵਾਸੀ ਦੀ ਪਾਕਿਸਤਾਨ ਵਿਖੇ ਕੀਤੀ ਗਈ ਵੱਡਮੁੱਲੀ ਖੋਜ ਤੇ ਅਧਾਰਿਤ ਸਿੱਖ ਸਲਤਨਤ ਦੀ ਨੀਂਹ ਰੱਖਣ ਵਾਲੇ ਪਹਿਲੇ ਬਾਦਸ਼ਾਹ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਨਾਲ ਜੁੜੀਆਂ ਵਿਰਾਸਤੀ ਇਮਾਰਤਾਂ ਬਾਰੇ ਸਮਾਰੋਹ ਕਰਵਾਇਆ ਗਿਆ। ਜਿਸ ਵਿੱਚ ਜਥੇਦਾਰ ਅਵਤਾਰ ਸਿੰਘ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਬਤੌਰ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਸਮਾਰੋਹ ਦਾ ਆਗਾਜ਼ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਦੇ ਵਿਦਿਆਰਥੀਆਂ ਵੱਲੋਂ ਸ਼ਬਦ ਦਾ ਗਾਇਣ ਕਰਕੇ ਕੀਤਾ। ਇਸ ਉਪਰੰਤ ਵਿਭਾਗ ਦੇ ਵਿਦਿਆਰਥੀਆਂ ਅਤੇ ਸਟਾਫ਼ ਵੱਲੋਂ ਜਥੇਦਾਰ ਅਵਤਾਰ ਸਿੰਘ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸਿੰਘ ਸਾਹਿਬ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਅਤੇ ਸ. ਹਰਚਰਨ ਸਿੰਘ ਮੁੱਖ ਸਕੱਤਰ ਸ਼੍ਰੋਮਣੀ ਕਮੇਟੀ ਨੂੰ ਫੁੱਲਾਂ ਦਾ ਗੁਲਦਸਤਾ ਦੇ ਕੇ ਜੀ ਆਇਆਂ

ਕਿਹਾ ਗਿਆ। ਸਮਾਰੋਹ ਦੇ ਸ਼ੁਰੂ ਵਿੱਚ ਸਿੱਖ ਧਰਮ ਅਧਿਐਨ ਖੋਜ ਪ੍ਰੋਜੈਕਟ ਦੇ ਕੋ-ਆਰਡੀਨੇਟਰ ਡਾ: ਬਲਵੰਤ ਸਿੰਘ ਢਿੱਲੋਂ ਨੇ ਵਿਧੀਵਤ ਰੂਪ 'ਚ ਸਭ ਨੂੰ ਜੀ ਆਇਆਂ ਕਿਹਾ। ਉਨ੍ਹਾਂ ਸੰਖੇਪ 'ਚ ਬੋਲਦਿਆਂ ਕਿਹਾ ਕਿ ਕਿਸੇ ਵਿਰਾਸਤ ਦੇ ਦੋ ਪਹਿਲੂ ਹੁੰਦੇ ਹਨ ਸਥੂਲ ਤੇ ਸੂਖਮ। ਸਥੂਲ ਉਹ ਹੈ ਜਿਸ ਨੂੰ ਛੂਹ ਸਕਦੇ ਹਾਂ ਤੇ ਦੇਖ ਸਕਦੇ ਹਾਂ। ਸੂਖਮ ਉਹ ਜਿਸ ਨੂੰ ਮਹਿਸੂਸ ਕਰ ਸਕਦੇ ਹਾਂ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ ਵੱਲੋਂ ਸਿੱਖ ਇਤਿਹਾਸ ਨਾਲ ਸਬੰਧਿਤ ਬਿਖਰੇ ਖਜ਼ਾਨੇ ਨੂੰ ਇਕੱਤਰ ਕਰਨ ਅਤੇ ਸਾਂਭ ਸੰਭਾਲ ਕਰਨ ਦੀਆਂ ਕੋਸ਼ਿਸ਼ਾਂ ਜਾਰੀ ਹਨ। ਸ. ਬੋਬੀ ਸਿੰਘ ਬਾਂਸਲ ਨੇ ਆਪਣੇ ਵੱਲੋਂ ਕੀਤੀ ਖੋਜ ਰਾਹੀਂ ਪਾਕਿਸਤਾਨ ਵਿੱਚ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ ਦੀਆਂ ਜ਼ਰਜ਼ਰ ਹੋਈਆਂ ਇਤਿਹਾਸਕ ਵਿਰਾਸਤੀ ਇਮਾਰਤਾਂ ਬਾਰੇ ਸਕਰੀਨ ਤੇ ਤਸਵੀਰਾਂ (ਡਾਕੂਮੈਂਟਰੀ ਫਿਲਮ) ਰਾਹੀਂ ਜਾਣਕਾਰੀ ਦਿੱਤੀ। ਸ. ਬੋਬੀ ਸਿੰਘ ਬਾਂਸਲ ਨੇ ਕਿਹਾ ਕਿ ਇਹ ਵਡਮੁੱਲਾ ਵਿਰਾਸਤੀ ਖਜਾਨਾ ਜੋ ਇਤਿਹਾਸ ਦੀ ਮੂੰਹ ਬੋਲਦੀ ਤਸਵੀਰ ਹੈ ਢਹਿ ਢੇਰੀ ਹੋਈ ਜਾ ਰਿਹਾ ਹੈ ਜਿਸ ਦੀ ਸਾਂਭ ਸੰਭਾਲ ਦੀ ਜ਼ਰੂਰਤ ਹੈ। ਉਨ੍ਹਾਂ ਕਿਹਾ ਕਿ ਅਗਰ ਇਸ ਨੂੰ ਸੰਭਾਲਿਆ ਨਾ ਗਿਆ ਤਾਂ ਇਕ ਦਿਨ ਇਸ ਦਾ ਨਾਮੋ ਨਿਸ਼ਾਨ ਖਤਮ ਹੋ ਜਾਵੇਗਾ। ਉਨ੍ਹਾਂ ਕਿਹਾ ਕਿ ਹਿੰਦੁਸਤਾਨ ਦੇ ਪੰਜਾਬ ਨਾਲੋਂ ਪਾਕਿਸਤਾਨ ਵਿੱਚ ਸਿੱਖ ਇਤਿਹਾਸ ਨਾਲ ਜੁੜੀਆਂ ਪੁਰਾਤਨ ਇਤਿਹਸਾਕ ਇਮਾਰਤਾਂ ਦੀ ਵਿਰਾਸਤ ਦਾ ਖਜਾਨਾ ੯੦ ਪ੍ਰਤੀਸ਼ਤ ਹੈ ਜੋ ਓਥੋਂ ਦੀ ਸਰਕਾਰ ਵਲੋਂ ਸੁਚੱਜੀ ਦੇਖ-ਰੇਖ ਰਾਹੀਂ ਸੰਭਾਲਣਾ ਬਣਦਾ ਹੈ।

ਜਥੇਦਾਰ ਅਵਤਾਰ ਸਿੰਘ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਮਾਰੋਹ ਵਿੱਚ ਸ਼ਾਮਿਲ ਪਤਵੰਤਿਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਿੱਖ ਕੌਮ ਦੀ ਵਿਰਾਸਤ ਉਸ ਦਾ ਅਮੀਰ ਵਿਰਸਾ ਹੈ। ਉਨ੍ਹਾਂ ਕਿਹਾ ਕਿ ਜੋ ਕੌਮ ਆਪਣੇ ਇਤਿਹਾਸ ਤੇ ਵਿਰਾਸਤ ਦੀ ਸਾਂਭ-ਸੰਭਾਲ ਕਰਨਾ ਭੁੱਲ ਜਾਂਦੀ ਹੈ ਉਸ ਦੀਆਂ ਖੂਬਸੂਰਤ ਯਾਦਾਂ ਅਲੋਪ ਹੋ ਜਾਂਦੀਆਂ ਹਨ। ਉਨ੍ਹਾਂ ਕਿਹਾ ਕਿ ਸਿੱਖ ਕੌਮ ਦਾ ਇਤਿਹਾਸ ਤੇ ਵਿਰਾਸਤ ਬਹੁਤ ਅਮੀਰ ਹੈ, ਪਰ ਅਨਹੋਣੀਆਂ ਜੱਗੋਂ ਬਾਹਰ ਹਨ। ਉਨ੍ਹਾਂ ਕਿਹਾ ਅੱਜ ਲੋੜ ਹੈ ਇਸ ਗੌਰਵਮਈ ਇਤਿਹਾਸ ਤੇ ਇਮਾਰਤਾਂ ਨੂੰ ਸਾਂਭਣ ਦੀ !ਉਨ੍ਹਾਂ ਕਿਹਾ ਕਿ ਸਿੱਖਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਸ ਦਾ ਕੋਈ ਢੁਕਵਾਂ ਹੱਲ ਕੱਢਣ ਲਈ ਵਿਚਾਰ-ਵਟਾਂਦਰਾ ਕਰੇਗੀ। ਉਨ੍ਹਾਂ ਕਿਹਾ ਕਿ ਸ. ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਪੰਜਾਬ ਵੱਲੋਂ ਆਪਣੀ ਦੂਰ ਅੰਦੇਸ਼ੀ ਸੋਚ ਤੇ ਸੁਚੱਜੇ ਯਤਨਾ ਸਦਕਾ ਵਿਰਾਸਤੀ ਸਾਂਭ-ਸੰਭਾਲ ਦੇ ਮੱਦੇ ਨਜ਼ਰ ਚੱਪੜ ਚਿੜੀ 'ਚ ਬਾਬਾ ਬੰਦਾ ਸਿੰਘ ਬਹਾਦਰ ਵਾਰ ਮੈਮੋਰੀਅਲ ਅਤੇ ਕੁੱਪ ਰੋਹੀੜਾ ਵਿਖੇ ਵੱਡਾ ਘੱਲੂਘਾਰਾ ਤੇ ਕਾਹਨੂੰਵਾਨ ਛੰਭ 'ਚ ਛੋਟੇ ਘੱਲੂਘਾਰੇ ਨਾਲ ਸਬੰਧਿਤ ਯਾਦਗਾਰਾਂ ਸਥਾਪਿਤ ਕੀਤੀਆਂ ਗਈਆਂ ਹੰਨ। ਇਸੇ ਤਰ੍ਹਾਂ ਚੱਪੜ ਚਿੜੀ ਦਾ ਮੈਦਾਨ ਤੇ ਸ੍ਰੀ ਅਨੰਦਪੁਰ ਸਾਹਿਬ ਵਿਚ ਵਿਰਾਸਤ-ਏ-ਖ਼ਾਲਸਾ ਨਾਲ ਸਬੰਧਿਤ ਯਾਦ ਸਥਾਪਿਤ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵੀ ਪੁਰਾਤਨ ਇਤਿਹਾਸਕ ਇਮਾਰਤਾਂ ਦੀ ਸਾਂਭ ਸੰਭਾਲ ਲਈ ਉਚੇਚੇ ਤੌਰ 'ਤੇ ਯਤਨ ਕੀਤੇ ਜਾ ਰਹੇ ਹਨ। ਜਿਨ੍ਹਾਂ ਵਿੱਚ ਖ਼ਾਲਸੇ ਦੀ ਜਨਮ ਭੂਮੀ ਸ੍ਰੀ ਅਨੰਦਪੁਰ ਸਾਹਿਬ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਸਥਾਪਿਤ ਕੀਤੇ ਗਏ ਪੰਜ ਕਿਲ੍ਹੇ, ਸ੍ਰੀ ਫਤਿਹਗੜ੍ਹ ਸਾਹਿਬ ਵਿਖੇ ਦੀਵਾਨ ਟੋਡਰ ਮੱਲ ਦੀ ਇਤਿਹਾਸਕ ਜਹਾਜ ਹਵੇਲੀ, ਠੰਢਾ ਬੁਰਜ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਦਰਸ਼ਨੀ ਡਿਓੜੀ, ਬੁੰਗਾ ਰਾਮਗੜ੍ਹੀਆ, ਗੁਰਦੁਆਰਾ ਬਾਬਾ ਅਟੱਲ ਰਾਏ ਸਾਹਿਬ ਜੀ ਤੇ ਬਾਰਾਂਦਰੀ ਆਦਿ ਨੂੰ ਪੁਰਤਾਨ ਦਿੱਖ ਦਿੱਤੀ ਜਾ ਰਹੀ ਹੈ। ਉਨ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ ਵਿਖੇ ਚੱਲ ਰਹੇ ਸਿੱਖ ਧਰਮ ਅਧਿਐਨ ਖੋਜ ਪ੍ਰੋਜੈਕਟ ਅਤੇ ਸ. ਬੋਬੀ ਸਿੰਘ ਬਾਂਸਲ ਵੱਲੋਂ ਕੀਤੀ ਵਡਮੁੱਲੀ ਖੋਜ ਦੀ ਸ਼ਲਾਘਾ ਕੀਤੀ। ਇਸ ਮੌਕੇ ਜਥੇਦਾਰ ਅਵਤਾਰ ਸਿੰਘ ਵੱਲੋਂ ਸਿੱਖ ਇਤਿਹਾਸ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਸੰਪਾਦਨਾ ਸਰੋਤ ਪ੍ਰੋਜੈਕਟ ਲਈ ੨੫ ਲੱਖ ਰੁਪਏ ਦਾ ਚੈਕ ਡਾ: ਬਲਵੰਤ ਸਿੰਘ ਢਿੱਲੋਂ ਨੂੰ ਭੇਟ ਕੀਤਾ। ਸਟੇਜ ਸਕੱਤਰ ਦੀ ਸੇਵਾ ਡਾ: ਗੁਲਜ਼ਾਰ ਸਿੰਘ ਨੇ ਨਿਭਾਈ। ਸਮਾਰੋਹ ਦੇ ਅੰਤ ਵਿੱਚ ਸ. ਬੋਬੀ ਸਿੰਘ ਬਾਂਸਲ

ਵੱਲੋਂ ਆਪਣੀ ਲਿਖਿਤ ਪੁਸਤਕ 'ਰੈਮੀਨੈਂਟਸ ਆਫ਼ ਦਾ ਸਿੱਖ ਐਮਪਾਇਰ- ਹਿਸਟੋਰੀਕਲ ਸਿੱਖ ਮੋਨੂਮੈਂਟਸ ਇਨ ਪਾਕਿਸਤਾਨ' ਦੀ ਪਹਿਲੀ ਕਾਪੀ ਜਥੇਦਾਰ ਅਵਤਾਰ ਸਿੰਘ ਨੂੰ ਭੇਂਟ ਕੀਤੀ ਗਈ। ਜਥੇਦਾਰ ਅਵਤਾਰ ਸਿੰਘ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ ਵਿਖੇ ਬਣੇ ਮਿਊਜ਼ੀਅਮ ਵਿੱਚ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਸਬੰਧਿਤ ਦੁਰਲੱਭ ਵਸਤਾਂ, ਦਸਮ ਪਿਤਾ ਦਾ ਚੋਲਾ, ਖੜਾਵਾਂ ਅਤੇ ਸ਼ਸਤਰਾਂ ਦੀਆਂ ਦੁਰਲੱਭ ਤਸਵੀਰਾਂ ਵੀ ਵੇਖੀਆਂ। ਜਿਨ੍ਹਾਂ ਦਾ ਖੋਜ ਕਾਰਜ ਡਾ: ਬਲਵੰਤ ਸਿੰਘ ਢਿੱਲੋਂ ਦੀ ਅਗਵਾਈ ਵਿੱਚ ਸ. ਗੁਰਬੀਰ ਸਿੰਘ ਵਿਜ਼ੀਟਿੰਗ ਪ੍ਰੋਫੈਸਰ ਤੇ ਸ. ਸਲਿੰਦਰ ਸਿੰਘ ਰੀਸਰਚ ਫੈਲੋ ਨੇ ਕੀਤਾ।

ਸਮਾਗਮ ਦੇ ਅਖੀਰ ਵਿੱਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ: ਅਜੈਬ ਸਿੰਘ ਬਰਾੜ, ਡਾ: ਬਲਵੰਤ ਸਿੰਘ ਢਿੱਲੋਂ ਤੇ ਸਿੰਘ ਸਾਹਿਬ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਵੱਲੋਂ ਜਥੇਦਾਰ ਅਵਤਾਰ ਸਿੰਘ ਨੂੰ ਲੋਈ ਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਹੋਰ ਸ਼ਖ਼ਸੀਅਤਾਂ ਵਿੱਚ ਸ. ਹਰਚਰਨ ਸਿੰਘ ਮੁੱਖ ਸਕੱਤਰ, ਸਿੰਘ ਸਾਹਿਬ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ, ਸ. ਮਨਜੀਤ ਸਿੰਘ ਸਕੱਤਰ ਤੇ ਡਾ: ਪਰਮਜੀਤ ਸਿੰਘ ਸਰੋਆ ਵਧੀਕ ਸਕੱਤਰ ਨੂੰ ਵੀ ਸਨਮਾਨਿਤ ਕੀਤਾ ਗਿਆ। ਇਸ ਮੌਕੇ ਬੀਬੀ ਕਿਰਨਜੋਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ, ਸ. ਸਿਮਰਜੀਤ ਸਿੰਘ ਮੀਤ ਸਕੱਤਰ, ਪ੍ਰਿੰਸੀਪਲ ਬਲਦੇਵ ਸਿੰਘ ਸ਼ਹੀਦ ਸਿੱਖ ਮਿਸ਼ਨਰੀ ਕਾਲਜ, ਡਾ: ਅਮਰਜੀਤ ਸਿੰਘ ਤੇ ਸ. ਇੰਦਰ ਮੋਹਣ ਸਿੰਘ 'ਅਨਜਾਣ' ਇੰਚਾਰਜ ਪਬਲੀਸਿਟੀ ਆਦਿ ਹਾਜ਼ਰ ਸਨ। *੨੪ ਫਰਵਰੀ*

## ਗੁਰਦੁਆਰਾ ਸਾਹਿਬਾਨ 'ਚ ਸੁਝਾਅ ਬਾਕਸ ਲਗਾਏ ਜਾਣ- ਮੁੱਖ ਸਕੱਤਰ

### ਸ਼੍ਰੋਮਣੀ ਕਮੇਟੀ ਦੇ ਇਕੱਤਰਤਾ ਹਾਲ ਵਿਖੇ ਮੈਨੇਜਰਾਂ ਨੂੰ ਜਾਰੀ ਕੀਤੀਆਂ ਹਦਾਇਤਾਂ

ਅੰਮ੍ਰਿਤਸਰ- ਜਥੇਦਾਰ ਅਵਤਾਰ ਸਿੰਘ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਬੀਤੇ ਦਿਨੀਂ ਸ਼੍ਰੋਮਣੀ ਕਮੇਟੀ ਦੇ ਇਕੱਤਰਤਾ ਹਾਲ ਵਿਖੇ ਸ. ਹਰਚਰਨ ਸਿੰਘ ਮੁੱਖ ਸਕੱਤਰ ਦੀ ਅਗਵਾਈ ਹੇਠ ਜ਼ਿਲ੍ਹਾ ਅੰਮ੍ਰਿਤਸਰ, ਤਰਨਤਾਰਨ, ਗੁਰਦਾਸਪੁਰ, ਪਠਾਨਕੋਟ, ਕਪੂਰਥਲਾ, ਜਲੰਧਰ, ਨਵਾਂ ਸ਼ਹਿਰ, ਹੁਸ਼ਿਆਰਪੁਰ, ਫਿਰੋਜ਼ਪੁਰ, ਫਰੀਦਕੋਟ ਤੇ ਮੋਗਾ ਨਾਲ ਸਬੰਧਤ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧ ਨੂੰ ਹੋਰ ਸੁਚਾਰੂ ਬਣਾਉਣ ਲਈ ਮੈਨੇਜਰਾਂ ਨਾਲ ਇਕੱਤਰਤਾ ਕੀਤੀ ਗਈ।

ਇਕੱਤਰਤਾ 'ਚ ਮੈਨੇਜਰਾਂ ਨੂੰ ਹਦਾਇਤਾਂ ਜਾਰੀ ਕਰਦਿਆ ਸ. ਹਰਚਰਨ ਸਿੰਘ ਨੇ ਕਿਹਾ ਕਿ ਗੁਰਦੁਆਰਾ ਸਾਹਿਬ ਵਿਖੇ ਸੰਗਤਾਂ ਵੱਲੋਂ ਦਿੱਤੇ ਜਾਂਦੇ ਸੁਝਾਅ ਅਤੇ ਸ਼ਿਕਾਇਤਾਂ ਬਾਰੇ ਰਜਿਸਟਰ ਲਾਜ਼ਮੀ ਤੌਰ 'ਤੇ ਲਗਾਇਆ ਜਾਵੇ ਅਤੇ ਉਸਾਰੂ ਸੁਝਾਵਾਂ ਤੇ ਅਮਲ ਕਰਨ ਦਾ ਯਤਨ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਗੁਰਦੁਆਰਾ ਸਾਹਿਬ ਵਿੱਚ ਸੁਝਾਅ ਬਾਕਸ ਲਗਾਇਆ ਜਾਵੇ ਜਿਸ ਨੂੰ ਮੈਨੇਜਰ ਖੁਦ ਆਪਣੀ ਨਿਗਰਾਨੀ ਹੇਠ ਖੋਲ੍ਹ ਕੇ ਦੇਖੇ ਤੇ ਆਉਣ ਵਾਲੀਆਂ ਸ਼ਿਕਾਇਤਾਂ ਦਾ ਤਸੱਲੀਬਖ਼ਸ਼ ਨਿਪਟਾਰਾ ਤੁਰੰਤ ਕਰੇ। ਉਨ੍ਹਾਂ ਅੱਗੇ ਕਿਹਾ ਕਿ ਗੁਰਦੁਆਰਾ ਸਾਹਿਬ ਅੰਦਰ ਕਿਸੇ ਢੁੱਕਵੀਂ ਜਗ੍ਹਾਂ 'ਤੇ ਸੰਗਤਾਂ ਦੀ ਸਹੂਲਤ ਲਈ ਪੁੱਛਗਿੱਛ ਕੇਂਦਰ ਵੀ ਸਥਾਪਿਤ ਕੀਤੇ ਜਾਣ ਤਾਂ ਕਿ ਗੁਰਦੁਆਰਾ ਸਾਹਿਬ ਆਉਣ ਵਾਲੀਆਂ ਸੰਗਤਾਂ ਹੋਰ ਲੋੜੀਂਦੀ ਜਾਣਕਾਰੀ ਲੈ ਸਕਣ।

ਉਨ੍ਹਾਂ ਕਿਹਾ ਕਿ ਗੁਰਦੁਆਰਾ ਸਾਹਿਬ ਅੰਦਰ ਇਤਿਹਾਸ ਨੂੰ ਦਰਸਾਉਂਦੇ ਬਹੁ-ਭਾਸ਼ਾਈ ਸੁੰਦਰ ਬੋਰਡ ਲਗਾਏ ਜਾਣ ਜੋ ਰਾਤ ਸਮੇਂ ਵੀ ਪੜ੍ਹਨਯੋਗ ਹੋਣ। ਉਨ੍ਹਾਂ ਕਿਹਾ ਕਿ ਸਮੂਹ ਸਟਾਫ ਨੂੰ ਵੀ ਇਤਿਹਾਸ ਬਾਰੇ ਜਾਣਕਾਰੀ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਗੁਰਦੁਆਰੇ ਦੀ ਹਦੂਦ ਵਿੱਚ ਮੌਜੂਦ ਬਾਗ ਅਤੇ ਬਗੀਚਿਆ ਦੀ ਸਾਂਭ-ਸੰਭਾਲ ਵੱਲ ਵੀ ਖਾਸ ਧਿਆਨ ਦਿੱਤਾ ਜਾਵੇ ਅਤੇ ਖਾਲੀ ਥਾਵਾਂ ਤੇ ਵੱਧ ਤੋਂ ਵੱਧ ਛਾਂ-ਦਾਰ ਦਰੱਖਤ ਲਗਾਏ ਜਾਣ। ਉਨ੍ਹਾਂ ਸਮੂਹ ਮੈਨੇਜਰਾਂ ਨੂੰ ਇਹ ਵੀ ਕਿਹਾ ਕਿ ਜੇਕਰ ਸਟਾਫ ਦੀ ਲੋੜ ਹੈ ਜਾਂ ਵੱਧ ਹੈ ਤਾਂ ਇਸ ਦੀ ਸੂਚਨਾ ਤੁਰੰਤ ਹੈੱਡ ਆਫਿਸ ਨੂੰ ਦਿੱਤੀ ਜਾਵੇ। *੫ ਫਰਵਰੀ*

# ਤ੍ਰੈ-ਸ਼ਤਾਬਦੀ ਗੁਰੂ ਗੋਬਿੰਦ ਸਿੰਘ ਖ਼ਾਲਸਾ ਕਾਲਜ ਨੇ ਭਾਸ਼ਨ ਮੁਕਾਬਲੇ 'ਚ ਪੁਜੀਸ਼ਨਾਂ ਹਾਸਲ ਕੀਤੀਆਂ

ਅੰਮ੍ਰਿਤਸਰ- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਚਲਾਏ ਜਾ ਰਹੇ ਤ੍ਰੈ-ਸ਼ਤਾਬਦੀ ਗੁਰੂ ਗੋਬਿੰਦ ਸਿੰਘ ਖ਼ਾਲਸਾ ਕਾਲਜ ਸ੍ਰੀ ਅੰਮ੍ਰਿਤਸਰ ਨੇ ਗੁਰੂ ਗੋਬਿੰਦ ਸਿੰਘ ਸਟੱਡੀਜ਼ ਸਰਕਲ ਵੱਲੋਂ ਅੰਮ੍ਰਿਤਸਰ ਤੇ ਤਰਨਤਾਰਨ ਜ਼ਿਲ੍ਹੇ ਦੇ ਕਾਲਜਾਂ ਦੇ ਖ਼ਾਲਸਾਈ ਯੁਵਕ ਮੇਲੇ ਸਮੇਂ ਭਾਸ਼ਨ ਮੁਕਾਬਲੇ 'ਚ ਮਾਰ੍ਹਕੇ ਮਾਰੇ।

ਕਾਲਜ ਦੀ ਪ੍ਰਿੰਸੀਪਲ ਸ੍ਰੀਮਤੀ ਜਤਿੰਦਰ ਕੌਰ ਨੇ ਕਿਹਾ ਕਿ ਜਥੇਦਾਰ ਅਵਤਾਰ ਸਿੰਘ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅਗਵਾਈ ਤੇ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਅਧੀਨ ਚਲਾਏ ਜਾ ਰਹੇ ਤ੍ਰੈ ਸ਼ਤਾਬਦੀ ਗੁਰੂ ਗੋਬਿੰਦ ਸਿੰਘ ਖ਼ਾਲਸਾ ਕਾਲਜ ਨੇ ਪੜ੍ਹਾਈ ਦੇ ਨਾਲ-ਨਾਲ ਨਿੱਤ ਨਵੀਆਂ ਪੁਲਾਂਘਾ ਪੁੱਟਦੇ ਹੋਏ ਆਪਣਾ ਸ਼ਾਨਾਮਤੀ ਇਤਿਹਾਸ ਸਥਾਪਿਤ ਕੀਤਾ ਹੈ। ਉਨ੍ਹਾਂ ਕਿਹਾ ਕਿ ਉੱਚ ਪੱਧਰੀ ਵਿਦਿਆ ਦੇ ਨਾਲ-ਨਾਲ ਕਾਲਜ ਦੇ ਵਿਦਿਆਰਥੀਆਂ ਨੇ ਸਮੇਂ-ਸਮੇਂ ਖੇਡਾਂ, ਗੁਰਬਾਣੀ ਕੰਠ, ਕਵਿਤਾ, ਕਵੀਸ਼ਰੀ, ਨਾਟਕ, ਡੀਬੇਟ, ਕੋਰੀਓਗ੍ਰਾਫੀ ਤੇ ਸਕਿਟ (ਕਲਚਰ ਪ੍ਰੋਗਰਾਮ) ਵਿੱਚ ਹਿੱਸਾ ਲੈ ਕੇ ਕਾਲਜ ਦਾ ਨਾਮ ਰੌਸ਼ਨ ਕੀਤਾ ਹੈ। ਉਨ੍ਹਾਂ ਕਿਹਾ ਕਿ ਇਸ ਯੁਵਕ ਮੇਲੇ ਵਿੱਚ ਤਕਰੀਬਨ ੩੦ ਕਾਲਜਾਂ ਨੇ ਹਿੱਸਾ ਲਿਆ ਜਿਸ ਵਿੱਚ ਸਾਡੇ ਕਾਲਜ ਦੀ ਵਿਦਿਆਰਥਣ ਸਿਮਰਨਜੀਤ ਕੌਰ ਐਮ.ਏ. (ਇਕਨਾਮਿਕਸ) ਸਮੈਸਟਰ ਦੂਜਾ ਨੇ ਭਾਸ਼ਨ ਮੁਕਾਬਲੇ ਵਿੱਚ ਪਹਿਲੀਆਂ ਚਾਰ ਪੁਜੀਸ਼ਨਾਂ ਵਿੱਚ ਸਥਾਨ ਹਾਸਲ ਕੀਤਾ। ਉਨ੍ਹਾਂ ਵੱਖ-ਵੱਖ ਮੁਕਾਬਲਿਆਂ ਵਿੱਚ ਅੱਵਲ ਆਏ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਅੱਗੋਂ ਵੀ ਉਹ ਇਸੇ ਤਰ੍ਹਾਂ ਮਿਹਨਤ ਕਰਕੇ ਕਾਲਜ ਦਾ ਨਾਮ ਬੁਲੰਦੀਆਂ ਤੇ ਪਹੁੰਚਾਉਣ ਲਈ ਸਿਰਤੋੜ ਯਤਨ ਕਰਨਗੇ। ਉਨ੍ਹਾਂ ਕਿਹਾ ਕਿ ਇਸ ਦਾ ਸਿਹਰਾ ਕਾਲਜ ਦੇ ਮਿਹਨਤੀ ਤੇ ਤਜ਼ਰਬੇਕਾਰ ਸਟਾਫ ਨੂੰ ਵੀ ਜਾਂਦਾ ਹੈ। ਇਸ ਮੌਕੇ ਪ੍ਰੋ. ਗੁਰਜੰਟ ਸਿੰਘ ਇੰਚਾਰਜ ਤੇ ਪ੍ਰੋ. ਹਰਜੀਤ ਕੌਰ ਹੈੱਡ ਇਕਨਾਮਿਕਸ ਵਿਭਾਗ ਆਦਿ ਹਾਜ਼ਰ ਸਨ।

*੧੮ ਫਰਵਰੀ*

# ਅੰਬੂਜਾ ਸੀਮੈਂਟ ਕੰਪਨੀ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਇਮਾਰਤ ਦੀ ਸੇਵਾ ਲਈ ਸੀਮੈਂਟ ਦਾ ਇਕ ਟਰੱਕ ਭੇਟ ਕੀਤਾ

ਅੰਮ੍ਰਿਤਸਰ- ਅੰਬੂਜਾ ਸੀਮੈਂਟ ਕੰਪਨੀ ਦੇ ਐਮ.ਡੀ. ਸ੍ਰੀ ਅਜੈ ਕਪੂਰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਨਤਮਸਤਿਕ ਹੋਏ। ਉਨ੍ਹਾਂ ਨਾਲ ਨਾਰਥ ਦੇ ਹੈਡ ਸ੍ਰੀ ਮੋਤਾ ਜੀ ਵੀ ਹਾਜ਼ਰ ਸਨ। ਉਨ੍ਹਾਂ ਅੰਬੂਜਾ ਕੰਪਨੀ ਵੱਲੋਂ ਉੱਚ ਕੁਆਲਿਟੀ ਦਾ ਨਵਾਂ ਲਾਂਚ ਕੀਤਾ 'ਅੰਬੂਜਾ ਪਲੱਸ' ਸੀਮੈਂਟ ਦਾ ੨੦੦ ਬੈਗ ਦਾ ਟਰੱਕ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਇਮਾਰਤ ਦੀ ਸੇਵਾ ਲਈ ਭੇਟ ਕੀਤਾ। ਉਨ੍ਹਾਂ ਕਿਹਾ ਕਿ ਕੰਪਨੀ ਵੱਲੋਂ ਵਧੀਆ ਕੁਆਲਿਟੀ ਦਾ ਨਵਾਂ ਤਿਆਰ ਕੀਤਾ ਗਿਆ 'ਅੰਬੂਜਾ ਪਲੱਸ' ਸੀਮੈਂਟ ਲਾਂਚ ਕਰਨ ਤੋਂ ਪਹਿਲਾਂ ਅੰਮ੍ਰਿਤਸਰ ਦੇ ਬਾਨੀ ਸ੍ਰੀ ਗੁਰੂ ਰਾਮਦਾਸ ਪਾਤਸ਼ਾਹ ਦਾ ਆਸ਼ੀਰਵਾਦ ਲੈਣ ਲਈ ਆਪਣੇ ਡੀਲਰਾਂ ਸਮੇਤ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਿਕ ਹੋਇਆ ਹਾਂ।

ਸ੍ਰੀ ਦਰਬਾਰ ਸਾਹਿਬ ਦੇ ਸੂਚਨਾ ਕੇਂਦਰ ਵਿਖੇ ਸ੍ਰੀ ਅਜੈ ਕਪੂਰ ਨੂੰ ਮੁੱਖ ਸੂਚਨਾ ਅਧਿਕਾਰੀ ਸ. ਗੁਰਬਚਨ ਸਿੰਘ ਤੇ ਸਹਾਇਕ ਸੂਚਨਾ ਅਧਿਕਾਰੀ ਸ. ਅੰਮ੍ਰਿਤਪਾਲ ਸਿੰਘ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਤਸਵੀਰ, ਸਿਰੋਪਾਓ ਤੇ ਧਾਰਮਿਕ ਪੁਸਤਕਾਂ ਦਾ ਸੈਟ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਉਨ੍ਹਾਂ ਨਾਲ ਸ. ਪਲਵਿੰਦਰ ਸਿੰਘ ਤੇ ਸ੍ਰੀ ਸੁਦੀਪ ਰਾਓ ਮੌਜੂਦ ਸਨ।

*੨੦ ਫਰਵਰੀ*

# ਸ਼੍ਰੋਮਣੀ ਕਮੇਟੀ ਵੱਲੋਂ ਸਾਕਾ ਸ੍ਰੀ ਨਨਕਾਣਾ ਸਾਹਿਬ ਦੇ ਸ਼ਹੀਦਾਂ ਦੀ ਯਾਦ 'ਚ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ

ਅੰਮ੍ਰਿਤਸਰ- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਸਾਕਾ ਸ੍ਰੀ ਨਨਕਾਣਾ ਸਾਹਿਬ ਦੇ ਸ਼ਹੀਦਾਂ ਦੀ ਯਾਦ 'ਚ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਗੁਰਵਿੰਦਰ ਸਿੰਘ ਬਾਵਾ ਦੇ ਜਥੇ ਵੱਲੋਂ ਇਲਾਹੀ ਬਾਣੀ ਦੇ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਅਰਦਾਸ ਭਾਈ ਸ਼ਲਵਿੰਦਰ ਸਿੰਘ ਨੇ ਕੀਤੀ। ਹੁਕਮਨਾਮਾ ਗਿਆਨੀ ਜਸਵੰਤ ਸਿੰਘ ਕਥਾਵਾਚਕ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਨੇ ਲਿਆ। ਉਪਰੰਤ ਸਜੇ ਦੀਵਾਨ ਵਿੱਚ ਭਾਈ ਨਿਰਮਲ ਸਿੰਘ ਜੇਠੂਵਾਲ ਤੇ ਭਾਈ ਅਜੈਬ ਸਿੰਘ ਦੇ ਢਾਡੀ ਜਥਿਆਂ ਨੇ ਸੰਗਤਾਂ ਨੂੰ ਸਾਕਾ ਸ੍ਰੀ ਨਨਕਾਣਾ ਸਾਹਿਬ ਦੇ ਇਤਿਹਾਸ ਤੋਂ ਜਾਣੂੰ ਕਰਵਾਇਆ।

ਇਸ ਸਮੇਂ ਗਿਆਨੀ ਜਸਵੰਤ ਸਿੰਘ ਕਥਾਵਾਚਕ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਜਿਹੜੇ ਲੋਕ ਧਰਮ 'ਚ ਪਰਪੱਕ ਰਹਿ ਕੇ ਗੁਰਧਾਮਾਂ ਦੀ ਰੱਖਿਆ ਲਈ ਸ਼ਹੀਦੀਆਂ ਪ੍ਰਾਪਤ ਕਰਦੇ ਹਨ, ਕੌਮ ਉਨ੍ਹਾਂ ਨੂੰ ਹਮੇਸ਼ਾ ਯਾਦ ਰੱਖਦੀ ਹੈ। ਉਨ੍ਹਾਂ ਕਿਹਾ ਕਿ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਵਿੱਚ ਮਹੰਤ ਨਰੈਣੂ ਤੇ ਉਸ ਦੇ ਸਾਥੀਆਂ ਵੱਲੋਂ ਦੁਰਵਿਵਹਾਰ ਕਰਨ ਤੋਂ ਰੋਕਣ ਤੇ ਗੁਰਦੁਆਰਾ ਸਾਹਿਬ 'ਚ ਮਰਯਾਦਾ ਅਨੁਸਾਰ ਸੰਗਤੀ ਪ੍ਰਬੰਧ ਦੀ ਬਹਾਲੀ ਲਈ ਸੂਰਮਿਆਂ ਵੱਲੋਂ ਦਿੱਤੀਆਂ ਅਦੁੱਤੀ ਸ਼ਹਾਦਤਾਂ ਗੁਰੂ-ਘਰਾਂ ਦੀ ਅਜ਼ਾਦੀ ਲਈ ਮਾਰਗ ਦਰਸ਼ਨ ਸਿੱਧ ਹੋਈਆਂ ਹਨ। ਉਨ੍ਹਾਂ ਕਿਹਾ ਕਿ ਸ੍ਰੀ ਨਨਕਾਣਾ ਸਾਹਿਬ ਦਾ ਸ਼ਹੀਦੀ ਸਾਕਾ ਸੂਰਬੀਰ ਬਹਾਦਰ ਸਿੱਖਾਂ ਦੀ ਹਿੰਮਤ ਅਤੇ ਦਲੇਰੀ ਦੀ ਅਦੁੱਤੀ ਗਾਥਾ ਹੈ ਜੋ ਇਤਿਹਾਸ ਦੇ ਸੁਨਹਿਰੀ ਪੰਨਿਆਂ 'ਚ ਦਰਜ ਹੈ। ਉਨ੍ਹਾਂ ਕਿਹਾ ਕਿ ਲੋੜ ਹੈ ਸਿੱਖ ਪੰਥ ਅੰਦਰ ਜਾਗ੍ਰਿਤੀ ਆਏ ਤੇ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸਮਰਪਤਿ ਰਹਿ ਕੇ ਆਪਣਾ ਜੀਵਨ ਬਤੀਤ ਕਰਨ।

ਇਸ ਮੌਕੇ ਸ. ਦਿਲਜੀਤ ਸਿੰਘ ਬੇਦੀ ਵਧੀਕ ਸਕੱਤਰ, ਸ. ਗੁਰਮੀਤ ਸਿੰਘ ਮੀਤ ਸਕੱਤਰ, ਸ. ਸੁਲੱਖਣ ਸਿੰਘ ਮੈਨੇਜਰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ. ਇੰਦਰ ਮੋਹਣ ਸਿੰਘ 'ਅਨਜਾਣ' ਇੰਚਾਰਜ ਪਬਲੀਸਿਟੀ, ਸ. ਮਲਕੀਤ ਸਿੰਘ ਬਹਿੜਵਾਲ ਸਹਾਇਕ ਸੁਪ੍ਰਿੰਟੈਂਡੈਂਟ, ਸ. ਇੰਦਰਪਾਲ ਸਿੰਘ ਅਕਾਊਂਟੈਂਟ, ਸ. ਜਤਿੰਦਰ ਸਿੰਘ, ਸ. ਹਰਜਿੰਦਰ ਸਿੰਘ, ਸ. ਭੁਪਿੰਦਰ ਸਿੰਘ, ਸ. ਸੁਖਰਾਜ ਸਿੰਘ, ਸ. ਲਖਬੀਰ ਸਿੰਘ ਵਧੀਕ ਮੈਨੇਜਰ, ਸ਼੍ਰੋਮਣੀ ਕਮੇਟੀ ਅਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਸਮੁੱਚੇ ਸਟਾਫ਼ ਤੋਂ ਇਲਾਵਾ ਭਾਰੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।

*੨੧ ਫਰਵਰੀ*

# ਧਰਮ ਪ੍ਰਚਾਰ ਕਮੇਟੀ ਨੇ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਵਿਖੇ ਸਾਕਾ ਸ੍ਰੀ ਨਨਕਾਣਾ ਸਾਹਿਬ ਦੇ ਸ਼ਹੀਦਾਂ ਦੀ ਯਾਦ ਤਾਜ਼ਾ ਕੀਤੀ

ਅੰਮ੍ਰਿਤਸਰ- ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਕਮੇਟੀ) ਵਲੋਂ ਸਾਕਾ ਸ੍ਰੀ ਨਨਕਾਣਾ ਸਾਹਿਬ ਦੇ ਸ਼ਹੀਦਾਂ ਦੀ ਯਾਦ ਨੂੰ ਤਾਜ਼ਾ ਕਰਦਿਆਂ ਸਥਾਨਕ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਵਿਖੇ ਚੌਥਾ ਗੁਰਮਤਿ ਸਮਾਗਮ ਕਰਵਾਇਆ ਗਿਆ। ਇਸ ਸਮੇਂ ਗੁਰਮਤਿ ਦਾ ਪ੍ਰਚਾਰ ਤੇ ਪ੍ਰਸਾਰ: 'ਸੰਭਾਵਨਾਵਾਂ ਤੇ ਸਾਧਨ' ਵਿਸ਼ੇ 'ਤੇ ਸੈਮੀਨਾਰ ਆਯੋਜਿਤ ਕੀਤਾ ਗਿਆ। ਸੈਮੀਨਾਰ ਦੀ ਆਰੰਭਤਾ ਮਿਸ਼ਨਰੀ ਕਾਲਜ ਦੇ ਵਿਦਿਆਰਥੀਆਂ ਵਲੋਂ ਸ਼ਬਦ ਗਾਇਨ ਨਾਲ ਹੋਈ।

ਇਸ ਮੌਕੇ ਸਿੰਘ ਸਾਹਿਬ ਗਿਆਨੀ ਅਮਰਜੀਤ ਸਿੰਘ ਗ੍ਰੰਥੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ. ਗੁਰਬਚਨ ਸਿੰਘ ਕਰਮੂੰਵਾਲ, ਬੀਬੀ ਕਿਰਨਜੋਤ ਕੌਰ, ਪੰਥ ਪ੍ਰਸਿੱਧ ਵਿਦਵਾਨ ਡਾਕਟਰ ਬਲਵੰਤ ਸਿੰਘ ਢਿੱਲੋਂ,

ਗਿਆਨੀ ਗੁਰਬਖ਼ਸ਼ ਸਿੰਘ ਗੁਲਸ਼ਨ, ਪ੍ਰੋ: ਸਰਬਜੀਤ ਸਿੰਘ, ਸ. ਮਨਜੀਤ ਸਿੰਘ ਸਕੱਤਰ ਧਰਮ ਪ੍ਰਚਾਰ ਕਮੇਟੀ ਤੇ ਪ੍ਰਿੰ. ਬਲਦੇਵ ਸਿੰਘ ਨੇ ਆਪਣੇ ਵੱਡਮੁੱਲੇ ਵੀਚਾਰ ਸ੍ਰੋਤਿਆਂ ਨਾਲ ਸਾਂਝੇ ਕੀਤੇ।

ਸ. ਗੁਰਬਚਨ ਸਿੰਘ ਕਰਮੂੰਵਾਲ ਅੰਤ੍ਰਿੰਗ ਮੈਂਬਰ ਸ਼੍ਰੋਮਣੀ ਕਮੇਟੀ ਨੇ ਭਾਵ ਪੂਰਤ ਸ਼ਬਦਾਂ ਰਾਹੀਂ ਸਾਕਾ ਸ੍ਰੀ ਨਨਕਾਣਾ ਸਾਹਿਬ ਦੇ ਸ਼ਹੀਦਾਂ ਨੂੰ ਸ਼ਰਧਾ ਤੇ ਸਤਿਕਾਰ ਭੇਟ ਕਰਦਿਆਂ ਕਿਹਾ ਕਿ ਸਿੱਖ ਕੌਮ ਦਾ ਇਤਿਹਾਸ ਸ਼ਹਾਦਤਾਂ ਭਰਿਆ ਹੈ। ਉਨ੍ਹਾਂ ਕਿਹਾ ਕਿ ਅੰਗ੍ਰੇਜ ਹਕੂਮਤ ਦੇ ਸਮੇਂ ਗੁਰਦੁਆਰਿਆਂ 'ਤੇ ਕਾਬਜ ਮਹੰਤ ਨਰੈਣੂ ਵਲੋਂ ਗੁਰੂ ਘਰਾਂ 'ਚ ਭੈੜੇ ਕੰਮ ਕਰਕੇ ਸਿੱਖ ਪੰਥ ਵਿਚ ਭਾਰੀ ਵਿਰੋਧ ਸੀ। ਇਸ ਨੂੰ ਰੋਕਣ ਤੇ ਮਰਯਾਦਾ ਦੀ ਬਹਾਲੀ ਲਈ ਭਾਈ ਲਛਮਣ ਸਿੰਘ ਧਾਰੋਵਾਲੀ ਦੀ ਅਗਵਾਈ 'ਚ ਇਕ ਜਥਾ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਗਿਆ, ਜਿਸ 'ਤੇ ਮਹੰਤ ਨਰੈਣੂ ਦੇ ਗੁੰਡਿਆਂ ਵਲੋਂ ਮਾਰੂ ਹਥਿਆਰਾਂ ਨਾਲ ਹਮਲਾ ਕਰਕੇ ਸਿੰਘਾਂ ਨੂੰ ਸ਼ਹੀਦ ਕਰ ਦਿੱਤਾ ਗਿਆ। ੧੯੨੧ 'ਚ ਵਾਪਰੇ ਇਸ ਸਾਕੇ ਦੀ ਯਾਦ ਵਿਚ ਸ਼੍ਰੋਮਣੀ ਕਮੇਟੀ ਵਲੋਂ ਉਨ੍ਹਾਂ ਸ਼ਹੀਦਾਂ ਦੀ ਯਾਦ ਨੂੰ ਸਦੀਵੀ ਬਣਾਉਂਦਿਆਂ ੧੯੨੭ ਵਿਚ ਇਸ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਨੂੰ ਹੋਂਦ 'ਚ ਲਿਆਂਦਾ ਜੋ ਉਦੋਂ ਤੋਂ ਹੀ ਨਿਰੰਤਰ ਚਲਿਆ ਆ ਰਿਹਾ ਹੈ ਤੇ ਹੁਣ ਤੀਕ ਬਹੁਤ ਸਾਰੇ ਪ੍ਰਸਿੱਧ ਵਿਦਵਾਨ ਪੰਥ ਦੀ ਝੋਲੀ ਪਾਏ ਹਨ ਜੋ ਦੇਸ਼-ਵਿਦੇਸ਼ਾਂ 'ਚ ਸਿੱਖੀ ਦਾ ਪ੍ਰਚਾਰ ਤੇ ਪ੍ਰਸਾਰ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਨਨਕਾਣਾ ਸਾਹਿਬ ਦੇ ਸਾਕੇ ਦੌਰਾਨ ਸ਼ਹੀਦ ਹੋਏ ਅਨੇਕਾਂ ਸਿੰਘਾਂ ਦੇ ਪਵਿੱਤਰ ਖ਼ੂਨ 'ਚੋਂ ਉਪਜੀ ਸਿੱਖਾਂ ਦੀ ਸੁਪਰੀਮ ਸੰਸਥਾ 'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ' ਲਗਾਤਾਰ ਸਿੱਖੀ ਦਾ ਪ੍ਰਚਾਰ ਕਰ ਰਹੀ ਹੈ।

ਇਸ ਸਮੇਂ ਡਾ. ਬਲਵੰਤ ਸਿੰਘ ਢਿੱਲੋਂ, ਪ੍ਰੋ. ਸਰਬਜੀਤ ਸਿੰਘ ਤੇ ਗਿਆਨੀ ਗਰਬਖਸ਼ ਸਿੰਘ ਗੁਲਸ਼ਨ ਨੇ ਕਿਹਾ ਕਿ ਪ੍ਰਚਾਰਕ ਦੀ ਸੋਚ ਸੁਰਤੰਤਰ ਹੋਵੇ ਤੇ ਉਹ ਗੁਰੂ ਆਸ਼ੇ ਅਨੁਸਾਰ ਹੀ ਗੁਰਮਤਿ ਦਾ ਪ੍ਰਚਾਰ ਕਰੇ। ਉਨ੍ਹਾਂ ਕਿਹਾ ਕਿ ਪ੍ਰਚਾਰਕ ਨੂੰ ਚੁਣੌਤੀ ਮਿਲਦੀ ਹੈ ਮੁਸ਼ਕਲਾਂ ਆਉਂਦੀਆਂ ਹਨ ਇਨ੍ਹਾਂ ਮੁਸ਼ਕਲਾਂ ਦਾ ਸਾਹਮਣਾ ਕਰਕੇ ਆਪਣੇ ਮਿਸ਼ਨ ਵੱਲ ਵਧਣਾ ਹੀ ਮਿਸ਼ਨਰੀ ਦਾ ਫ਼ਰਜ਼ ਹੈ। ਉਨ੍ਹਾਂ ਮਿਸ਼ਨਰੀ ਵਿਦਿਆਰਥੀਆਂ ਨੂੰ ਸੁਨੇਹਾ ਦਿੰਦਿਆਂ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਪਾਵਨ ਬਾਣੀ ਦਾ ਸੰਦੇਸ਼ ਹਰੇਕ ਸਿੱਖ ਦੇ ਘਰ-ਘਰ ਪਹੁੰਚੇ, ਮਿਹਨਤ ਕਰੋ ਤੁਹਾਡੇ ਵਲੋਂ ਕੀਤੀ ਮਿਹਨਤ ਜ਼ਰੂਰ ਰੰਗ ਲਿਆਵੇਗੀ ਤੇ ਅਸੀਂ ਆਪਣੇ ਮਿਸ਼ਨ ਵਿਚ ਜ਼ਰੂਰ ਕਾਮਯਾਬ ਹੋਵਾਂਗੇ।

ਆਏ ਹੋਏ ਵਿਦਿਵਾਨਾਂ ਦਾ ਸ. ਮਨਜੀਤ ਸਿੰਘ ਸਕੱਤਰ ਨੇ ਧੰਨਵਾਦ ਕੀਤਾ ਤੇ ਕਿਹਾ ਕਿ ਅੱਜ ਦੇ ਸਮਾਗਮ ਵਿਚ ਜਥੇ. ਅਵਤਾਰ ਸਿੰਘ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਉਚੇਚੇ ਤੌਰ 'ਤੇ ਪਹੁੰਚਣਾ ਸੀ ਪਰ ਉਨ੍ਹਾਂ ਦੀ ਸਿਹਤ ਠੀਕ ਨਾ ਹੋਣ ਕਰਕੇ ਉਹ ਨਹੀਂ ਆ ਸਕੇ। ਸ਼ਹੀਦ ਸਿੱਖ ਮਿਸ਼ਨਰੀ ਕਾਲਜ ਵਲੋਂ ਸਾਬਕਾ ਮੀਤ ਸਕੱਤਰ ਸ. ਗੁਰਬਚਨ ਸਿੰਘ ਚਾਂਦ, ਭਾਈ ਗੁਰਦੇਵ ਸਿੰਘ ਕੋਟਲੀ ਪ੍ਰਚਾਰਕ ਤੇ ਸ. ਹਰਜਾਪ ਸਿੰਘ ਨੂੰ ਬੀਬੀ ਕਿਰਨਜੋਤ ਕੌਰ, ਗਿਆਨੀ ਅਮਰਜੀਤ ਸਿੰਘ, ਡਾ. ਬਲਵੰਤ ਸਿੰਘ ਢਿੱਲੋਂ, ਗਿਆਨੀ ਗੁਰਬਖਸ਼ ਸਿੰਘ ਗੁਲਸ਼ਨ, ਸ. ਮਨਜੀਤ ਸਿੰਘ ਸਕੱਤਰ, ਸ. ਸੁਖਦੇਵ ਸਿੰਘ ਭੂਰਾ ਕੋਹਨਾ ਵਧੀਕ ਸਕੱਤਰ, ਸ. ਸਤਿੰਦਰ ਸਿੰਘ ਨਿੱਜੀ ਸਕੱਤਰ, ਸ. ਕੁਲਵਿੰਦਰ ਸਿੰਘ ਰਮਦਾਸ ਤੇ ਸ. ਜਗਜੀਤ ਸਿੰਘ ਮੀਤ ਸਕੱਤਰ, ਪ੍ਰਿੰਸੀਪਲ ਸ. ਬਲਦੇਵ ਸਿੰਘ ਸ਼ਹੀਦ ਮਿਸ਼ਨਰੀ ਕਾਲਜ ਨੇ ਸਾਂਝੇ ਰੂਪ ਵਿਚ ਪ੍ਰਿ. ਗੰਗਾ ਸਿੰਘ ਐਵਾਰਡ ਨਾਲ ਸਨਮਾਨਤ ਕੀਤਾ। ਮੰਚ ਦੀ ਸੇਵਾ ਪ੍ਰੋ. ਮਨਜੀਤ ਕੌਰ ਤੇ ਭਾਈ ਕੁਲਰਾਜ ਸਿੰਘ ਵਲੋਂ ਨਿਭਾਈ ਗਈ।

ਇਸ ਮੌਕੇ ਡਾ. ਅਮਰਜੀਤ ਸਿੰਘ, ਸ. ਤੇਜਿੰਦਰ ਸਿੰਘ ਪੱਡਾ, ਸ. ਦਰਸ਼ਨ ਸਿੰਘ ਪੁਰੀਆਂ, ਸ. ਪਲਵਿੰਦਰ ਸਿੰਘ ਤੇ ਸ. ਅਮਰਜੀਤ ਸਿੰਘ ਇੰਚਾਰਜ, ਗਿ. ਜੋਗਿੰਦਰ ਸਿੰਘ ਅਜ਼ਾਦ, ਪ੍ਰਚਾਰਕ ਭਾਈ ਸਰਵਣ ਸਿੰਘ, ਭਾਈ ਹੀਰਾ ਸਿੰਘ, ਭਾਈ ਜੱਜ ਸਿੰਘ, ਭਾਈ ਗੁਰਬਚਨ ਸਿੰਘ ਕਲਸੀਆਂ, ਭਾਈ ਜਸਪਾਲ ਸਿੰਘ ਤੇ ਭਾਈ ਸਰਬਜੀਤ ਸਿੰਘ ਢੋਟੀਆਂ ਆਦਿ ਮੌਜੂਦ ਸਨ।

*੨੨ ਫਰਵਰੀ*

# ਸ਼੍ਰੋਮਣੀ ਕਮੇਟੀ ਨੇ ਭਗਤ ਰਵਿਦਾਸ ਜੀ ਦਾ ਜਨਮ ਦਿਹਾੜਾ ਸ਼ਰਧਾ-ਭਾਵਨਾ ਨਾਲ ਮਨਾਇਆ

ਅੰਮ੍ਰਿਤਸਰ- ਭਗਤ ਰਵਿਦਾਸ ਜੀ ਨੇ ਆਪਣੇ ਸਮੇਂ 'ਚ ਪ੍ਰਾਣੀ ਮਾਤਰ ਨੂੰ ਉਚ-ਨੀਚ, ਜਾਤ-ਪਾਤ ਦੇ ਫੋਕੇ ਕਰਮਕਾਂਡੀ ਅਡੰਬਰਾਂ ਦੇ ਬੰਧਨ ਤੋੜ ਕੇ ਮਨੁੱਖੀ ਬਰਾਬਰੀ ਵਾਲੇ ਸਮਾਜ ਦੀ ਸਿਰਜਨਾ ਦਾ ਹੋਕਾ ਬੁਲੰਦ ਕੀਤਾ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਐਡੀਸ਼ਨਲ ਹੈੱਡ ਗ੍ਰੰਥੀ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ ਨੇ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਸ਼੍ਰੋਮਣੀ ਕਮੇਟੀ ਵੱਲੋਂ ਭਗਤ ਰਵਿਦਾਸ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਸਮਾਗਮ ਸਮੇਂ ਸੰਗਤਾਂ ਨੂੰ ਸੰਬੋਧਨ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਜਥੇਦਾਰ ਅਵਤਾਰ ਸਿੰਘ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਦੇਸ਼ਾਂ ਅਨੁਸਾਰ ਸ਼੍ਰੋਮਣੀ ਕਮੇਟੀ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਜਿਥੇ ਗੁਰੂ ਸਾਹਿਬਾਨਾਂ ਦੇ ਪ੍ਰਕਾਸ਼ ਗੁਰਪੁਰਬ ਤੇ ਸ਼ਹੀਦੀ ਦਿਹਾੜੇ ਮਨਾਏ ਜਾਂਦੇ ਹਨ, ਉਥੇ ਜਿਨ੍ਹਾਂ ਭਗਤ ਸਾਹਿਬਾਨਾਂ ਦੀ ਬਾਣੀ ਧੰਨ-ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ ਉਨ੍ਹਾਂ ਦੇ ਦਿਹਾੜੇ ਵੀ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਬੜੀ ਸ਼ਰਧਾ ਭਾਵਨਾ ਨਾਲ ਮਨਾਏ ਜਾਂਦੇ ਹਨ।

ਉਨ੍ਹਾਂ ਕਿਹਾ ਕਿ ਭਗਤ ਰਵਿਦਾਸ ਜੀ ਨੇ ਸਤਿਗੁਰੂ ਦੀ ਕ੍ਰਿਪਾ ਦਾ ਪਾਤਰ ਬਣਨ ਦੀ ਗੱਲ ਬਾਣੀ 'ਚ ਕੀਤੀ ਹੈ। ਪੰਚਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਸਮੇਂ ਧਰਮਾਂ, ਜਾਤ ਬਿਰਾਦਰੀਆਂ ਤੇ ਫਿਰਕਿਆਂ ਦੇ ਵੰਡ ਵਰਨ ਤੋਂ ਉਪਰ ਉਠ ਕੇ ਭਗਤ ਰਵਿਦਾਸ ਜੀ ਦੀ ਬਾਣੀ ਦੇ ੧੬ ਰਾਗਾਂ 'ਚ ੪੦ ਸ਼ਬਦਾਂ ਨੂੰ ਧੰਨ-ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਕਰਕੇ ਢੁੱਕਵਾਂ ਸਨਮਾਨ ਦਿੱਤਾ ਹੈ। ਇਸ ਤੋਂ ਪਹਿਲਾਂ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਗੁਰਕੀਰਤ ਸਿੰਘ ਦੇ ਜਥੇ ਵੱਲੋਂ ਇਲਾਹੀ ਬਾਣੀ ਦੇ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ ਗਿਆ ਤੇ ਅਰਦਾਸ ਭਾਈ ਕੁਲਵਿੰਦਰ ਸਿੰਘ ਅਰਦਾਸੀਏ ਨੇ ਕੀਤੀ। ਇਸ ਮੌਕੇ ਭਾਈ ਜਗਦੀਸ਼ ਸਿੰਘ ਵਡਾਲਾ ਦੇ ਢਾਡੀ ਜਥੇ ਨੇ ਬੀਰ-ਰਸੀ ਵਾਰਾਂ ਰਾਹੀਂ ਸੰਗਤਾਂ ਨੂੰ ਭਗਤ ਰਵਿਦਾਸ ਜੀ ਦੇ ਜੀਵਨ ਤੋਂ ਜਾਣੂ ਕਰਵਾਇਆ।

ਇਸ ਮੌਕੇ ਸ. ਹਰਭਜਨ ਸਿੰਘ ਮਨਾਵਾਂ, ਸ. ਬਲਵਿੰਦਰ ਸਿੰਘ ਜੌੜਾਸਿੰਘਾ, ਸ. ਮਹਿੰਦਰ ਸਿੰਘ ਆਹਲੀ ਤੇ ਸ. ਸੁਖਦੇਵ ਸਿੰਘ ਭੂਰਾਕੋਹਨਾ ਐਡੀਸ਼ਨਲ ਸਕੱਤਰ, ਸ. ਸੁਲੱਖਣ ਸਿੰਘ ਮੈਨੇਜਰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ. ਕੁਲਵਿੰਦਰ ਸਿੰਘ ਮੀਤ ਸਕੱਤਰ, ਸ. ਹਰਜਿੰਦਰ ਸਿੰਘ ਸੁਪ੍ਰਿੰਟੈਂਡੈਂਟ, ਸ. ਨਿਸ਼ਾਨ ਸਿੰਘ ਤੇ ਸ.ਮਲਕੀਤ ਸਿੰਘ ਬਹਿੜਵਾਲ ਸ/ਸੁਪ੍ਰਿੰਟੈਂਡੈਂਟ, ਸ.ਇੰਦਰ ਮੋਹਣ ਸਿੰਘ 'ਅਨਜਾਣ' ਇੰਚਾਰਜ ਪਬਲੀਸਿਟੀ ਵਿਭਾਗ, ਸ. ਨਰਿੰਦਰ ਸਿੰਘ ਤੇ ਸ. ਹਰਜਿੰਦਰ ਸਿੰਘ ਐਡੀਸ਼ਨਲ ਮੈਨੇਜਰ, ਸ. ਲਖਬੀਰ ਸਿੰਘ ਮੀਤ ਮੈਨੇਜਰ, ਸ. ਹਰਜਿੰਦਰ ਸਿੰਘ, ਸ. ਸਤਨਾਮ ਸਿੰਘ, ਸ. ਲਖਬੀਰ ਸਿੰਘ, ਸ. ਜਸਵਿੰਦਰ ਸਿੰਘ ਦੀਪ ਤੇ ਸ. ਬਲਕਾਰ ਸਿੰਘ ਜੌੜਾ ਇੰਚਾਰਜ, ਸ. ਸਤਵਿੰਦਰ ਸਿੰਘ ਸੰਪਾਦਕ ਗੁਰਮਤਿ ਪ੍ਰਕਾਸ਼, ਸ. ਜੀ.ਪੀ. ਸਿੰਘ ਅਕਾਊਟੈਂਟ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਧਰਮ ਪ੍ਰਚਾਰ ਕਮੇਟੀ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦਾ ਸਮੁੱਚਾ ਸਟਾਫ ਅਤੇ ਵੱਡੀ ਗਿਣਤੀ 'ਚ ਸੰਗਤਾਂ ਹਾਜ਼ਰ ਸਨ।

*੨੨ ਫਰਵਰੀ*

# ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਕਾਕਾ ਪਰਮਿੰਦਰ ਸਿੰਘ 'ਤੇ ਅਰੋਗ ਜੀਵਨ ਦੀ ਬਖਸ਼ਿਸ਼ ਹੋਈ- ਬੇਦੀ

ਅੰਮ੍ਰਿਤਸਰ- ਰੂਹਾਨੀਅਤ ਦੇ ਕੇਂਦਰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ਼ਰਧਾ ਭਾਵਨਾ ਨਾਲ ਨਤਮਸਤਕ ਹੋਣ ਆਉਣ ਵਾਲੀਆਂ ਸੰਗਤਾਂ ਜਿਥੇ ਆਤਮਿਕ ਆਨੰਦ ਪਾਉਂਦੀਆਂ ਹਨ, ਉਥੇ ਸਤਿਗੁਰਾਂ ਦੀਆਂ ਬਖਸ਼ਿਸ਼ਾਂ ਸਦਕਾ

ਮੂੰਹ ਮੰਗੀਆਂ ਮੁਰਾਦਾਂ ਵੀ ਹਾਸਲ ਕਰਦੀਆਂ ਹਨ। ਇਸ ਮੁਕੱਦਸ ਅਸਥਾਨ 'ਤੇ ਦ੍ਰਿੜ੍ਹ ਵਿਸ਼ਵਾਸ਼ ਅਤੇ ਸ਼ਰਧਾ ਭਾਵਨਾ ਨਾਲ ਨਤਮਸਤਕ ਹੋਣ ਵਾਲੀਆਂ ਸੰਗਤਾਂ ਦੇ ਦੁੱਖ ਦਰਦ ਵੀ ਦੂਰ ਹੁੰਦੇ ਹਨ।

ਇਥੋਂ ਜਾਰੀ ਪ੍ਰੈੱਸ ਬਿਆਨ ਵਿੱਚ ਸ਼੍ਰੋਮਣੀ ਕਮੇਟੀ ਦੇ ਬੁਲਾਰੇ ਤੇ ਵਧੀਕ ਸਕੱਤਰ ਸ. ਦਿਲਜੀਤ ਸਿੰਘ ਬੇਦੀ ਨੇ ਕਿਹਾ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਅਰਦਾਸ ਜੋਦੜੀ ਕਰਨ ਵਾਲੀਆਂ ਸੰਗਤਾਂ ਸਦਾ ਅਕਾਲ ਪੁਰਖ ਵੱਲੋਂ ਬਖਸ਼ਿਸ਼ਾਂ ਦੀਆਂ ਭਾਗੀ ਬਣਦੀਆਂ ਹਨ। ਉਨ੍ਹਾਂ ਕਿਹਾ ਕਿ ਗੁਰੂ ਰਾਮਦਾਸ ਦੇ ਪਵਿੱਤਰ ਸਰੋਵਰ ਵਿੱਚ ਇਸ਼ਨਾਨ ਕਰਨ ਦੀ ਵੀ ਆਪਣੀ ਨਿਵੇਕਲੀ ਮਹੱਤਤਾ ਹੈ ਜਿਸ ਦੀ ਉਦਾਹਰਨ ਪੱਟੀ ਸਲਤਨਤ ਦੇ ਰਾਜੇ ਦੁਨੀ ਚੰਦ ਦੀ ਸੱਤਵੀਂ ਬੇਟੀ ਬੀਬੀ ਰਜਨੀ ਦੇ ਪਤੀ ਦਾ ਕੋਹੜ ਠੀਕ ਹੋਣ ਤੋਂ ਮਿਲਦੀ ਹੈ। ਉਨ੍ਹਾਂ ਕਿਹਾ ਕਿ ਮੌਜੂਦਾ ਘਟਨਾ 'ਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਅਰਦਾਸ ਸਮੇਂ ਸ਼ਾਮਲ ਹੋਏ ਜੰਮੂ-ਕਸ਼ਮੀਰ ਦੇ ਅਨੰਤਨਾਗ ਜ਼ਿਲ੍ਹੇ ਦੇ ਰਹਿਣ ਵਾਲੇ ਸਿੱਖ ਨੌਜਵਾਨ ਸ. ਪਰਮਿੰਦਰ ਸਿੰਘ ਜੋ ਸਰੀਰ ਦੇ ਲਾਚਾਰਪੁਣੇ ਤੋਂ ਪ੍ਰੇਸ਼ਾਨ ਸੀ ਸਤਿਗੁਰਾਂ ਦੀ ਅਪਾਰ ਬਖਸ਼ਿਸ਼ ਸਦਕਾ ਹੁਣ ਤੰਦਰੁਸਤ ਹੋ ਗਿਆ ਹੈ। ਉਨ੍ਹਾਂ ਭਾਈ ਹਰਦੀਪ ਸਿੰਘ ਬਹੋੜੂ ਮੈਂਬਰ ਸੁਰੱਖਿਆ ਦਸਤਾ ਜੋ ਕਾਕਾ ਪ੍ਰਮਿੰਦਰ ਸਿੰਘ ਨੂੰ ਕੁੱਛੜ ਚੁੱਕ ਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨਾ ਲਈ ਅੰਦਰ ਲੈ ਕੇ ਗਿਆ ਸੀ ਦੇ ਹਵਾਲੇ ਨਾਲ ਦੱਸਿਆ ਕਿ ੨੩ ਫਰਵਰੀ ਦੀ ਰਾਤ ੧੦-੪੦ ਦਾ ਸਮਾਂ ਸੀ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅੰਦਰ ਚੰਦੋਆ ਸਾਹਿਬ ਦੀ ਸੇਵਾ ਹੋ ਰਹੀ ਸੀ। ਜਦ ਅਰਦਾਸ ਹੋਣ ਲੱਗੀ ਤਾਂ ਪਹਿਲਾਂ ਪਰਮਿੰਦਰ ਸਿੰਘ ਜਿਸ ਨੂੰ ਮੈਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਜਾ ਕੇ ਬਿਠਾ ਦਿੱਤਾ, ਉਸ ਨੇ ਉੱਠਣ ਦੀ ਕੋਸ਼ਿਸ਼ ਕੀਤੀ ਤੇ ਡਿਗ ਪਿਆ। ਜਦ ਅਰਦਾਸ ਹੋ ਰਹੀ ਸੀ ਤਾਂ ਪਰਮਿੰਦਰ ਸਿੰਘ ਇਕ ਵਾਰ ਫੇਰ ਹਿੰਮਤ ਕਰ ਕੇ ਉੱਠਿਆ ਤੇ ਖੜਾ ਹੋ ਗਿਆ। ਇਸ ਉਪਰੰਤ ਉਹ ਆਪਣੇ ਪੈਰਾਂ 'ਤੇ ਤੁਰ ਕੇ ਜਦ ਸੱਚਖੰਡ ਤੋਂ ਬਾਹਰ ਆ ਰਿਹਾ ਸੀ ਤਾਂ ਕਾਕਾ ਪਰਮਿੰਦਰ ਸਿੰਘ ਦੀ ਜੁਬਾਨ ਅਜੇ ਬਾਹਰ ਹੀ ਲਟਕੀ ਸੀ ਤੇ ਉਸ ਨੇ ਇਸ਼ਾਰੇ ਨਾਲ ਹਰਦੀਪ ਸਿੰਘ ਤੇ ਆਪਣੇ ਪਿਤਾ ਨੂੰ ਦੱਸਿਆ ਕਿ ਉਸ ਦੇ ਹੱਥ ਪੈਰ ਤਾਂ ਠੀਕ ਹੋ ਗਏ ਹਨ ਪਰ ਜ਼ੁਬਾਨ ਅਜੇ ਤੱਕ ਨਹੀਂ ਚੱਲੀ। ਇਸ ਤੇ ਪਰਮਿੰਦਰ ਸਿੰਘ ਦੇ ਪਿਤਾ ਤੇ ਮੇਰੇ ਮੂੰਹੋਂ ਆਪ ਮੁਹਾਰੇ ਹੀ ਨਿਕਲ ਗਿਆ ਕਿ ਕੋਈ ਨਹੀਂ ਇਹ ਵੀ ਸ੍ਰੀ ਗੁਰੂ ਰਾਮਦਾਸ ਜੀ ਦੀ ਕਿਰਪਾ ਸਦਕਾ ਚੱਲ ਜਾਵੇਗੀ। ਭਾਈ ਹਰਦੀਪ ਸਿੰਘ ਨੇ ਦੱਸਿਆ ਕਿ ਹਰਿ ਕੀ ਪਉੜੀ ਤੇ ਚੁਲਾ ਲੈਣ ਲਈ ਜਾ ਰਹੇ ਸਾਂ ਤਾਂ ਅਚਾਨਕ ਪਰਮਿੰਦਰ ਸਿੰਘ ਨੇ ਕਿਹਾ ਕਿ ਉਸ ਦੀ ਜ਼ੁਬਾਨ ਵੀ ਚੱਲ ਪਈ ਹੈ, ਸ੍ਰੀ ਗੁਰੂ ਰਾਮਦਾਸ ਜੀ ਦੀ ਕਿਰਪਾ ਹੋ ਗਈ ਹੈ, ਉਸ ਨੇ ਕਿਹਾ ਕਿ ਮੈਂ ਹੋਣ ਬੋਲ ਵੀ ਸਕਦਾ ਹਾਂ। ਪਰਮਿੰਦਰ ਸਿੰਘ ਤੇ ਉਸ ਦੀ ਖੁਸ਼ੀ ਦਾ ਕੋਈ ਠਿਕਾਣਾ ਨਾ ਰਿਹਾ। ਉਨ੍ਹਾਂ ਸ੍ਰੀ ਗੁਰੂ ਰਾਮਦਾਸ ਪਾਤਸ਼ਾਹ ਦਾ ਧੰਨਵਾਦ ਕੀਤਾ ਤੇ ਨਤਮਸਤਕ ਹੋ ਕੇ ਬਾਹਰ ਆ ਗਏ। ਹੁਣ ਕਾਕਾ ਪਰਮਿੰਦਰ ਸਿੰਘ ਬਿਲਕੁਲ ਠੀਕ ਠਾਕ ਹੈ, ਜੋ ਆਪਣੇ ਮਾਤਾ ਪਿਤਾ ਨਾਲ ਜੰਮੂ ਵਿਖੇ ਸਥਿਤ ਆਪਣੀ ਰਿਹਾਇਸ਼ ਤੇ ਜਾ ਚੁੱਕਾ ਹੈ। ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਸ੍ਰੀ ਦਰਬਾਰ ਸਾਹਿਬ ਦੇ ਕੰਪਲੈਕਸ ਵਿੱਚ ਹਰਿਆਣੇ ਦੇ ਸ਼ਹਿਰ ਪਾਣੀਪਤ ਵਿੱਚ ਰਹਿੰਦੇ ਨੌਜਵਾਨ ਅਤੇ ਸੰਗਰੂਰ ਜ਼ਿਲ੍ਹੇ ਦੀ ਇਕ ਬੱਚੀ ਦੀਆਂ ਅੱਖਾਂ ਦੀ ਰੌਸ਼ਨੀ ਵਾਪਸ ਪਰਤ ਆਈ ਜਦਕਿ ਉਨ੍ਹਾਂ ਨੂੰ ਸਾਰੇ ਡਾਕਟਰ ਜਵਾਬ ਦੇ ਚੁੱਕੇ ਸਨ। ਉਨ੍ਹਾਂ ਦੱਸਿਆ ਕਿ ਉੱਘੇ ਨਾਸਾ ਵਿਗਿਆਨੀ ਸ੍ਰੀ ਵਾਸਤਵਾ ਜੋ ਸੂਰਤ ਦਾ ਰਹਿਣ ਵਾਲਾ ਸੀ ਦਾ ਬ੍ਰੇਨ ਕੈਂਸਰ ਰੋਗ ਵੀ ਸ੍ਰੀ ਗੁਰੂ ਰਾਮਦਾਸ ਪਾਤਸ਼ਾਹ ਦੀ ਕਿਰਪਾ ਨਾਲ ਦੂਰ ਹੋਇਆ।

ਉਨ੍ਹਾਂ ਕਿਹਾ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅਜਿਹਾ ਪਵਿੱਤਰ ਸਥਾਨ ਹੈ ਜਿਥੇ ਪ੍ਰਭੂ ਦਾ ਸੱਚਖੰਡ ਸਾਜਿਆ ਗਿਆ ਹੈ ਅਤੇ ਇਥੇ ਦਰਸ਼ਨ ਕਰਨ ਆਉਣ ਵਾਲੀਆਂ ਸੰਗਤਾਂ ਮਾਨਸਿਕ ਤੇ ਸਰੀਰਿਕ ਤੌਰ 'ਤੇ ਚੁਸਤ-ਦਰੁਸਤ ਹੋ ਕੇ ਨਾਮ ਰਸ ਵਿੱਚ ਲੀਨ ਹੋ ਜਾਂਦੀਆਂ ਹਨ। ਉਨ੍ਹਾਂ ਸੰਗਤਾਂ ਨੂੰ ਸਤਿਗੁਰਾਂ ਵੱਲੋਂ ਦਰਸਾਏ ਮਾਰਗ 'ਤੇ ਚੱਲਣ ਅਤੇ ਨਾਮ ਬਾਣੀ ਨੂੰ ਆਪਣੇ ਹਿਰਦੇ ਵਿੱਚ ਵਸਾਉਣ ਦਾ ਸੁਨੇਹਾ ਵੀ ਦਿੱਤਾ।

*੨੫ ਫਰਵਰੀ*

# ਸ. ਮਨਪ੍ਰੀਤ ਸਿੰਘ ਚੇਅਰਮੈਨ ਇੰਡੀਅਨ ਸੋਸ਼ਲ ਕਲੱਬ ਸੱਲਾਹ ਓਮਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਨਤਮਸਤਕ ਹੋਏ

ਅੰਮ੍ਰਿਤਸਰ- ਸ. ਮਨਪ੍ਰੀਤ ਸਿੰਘ ਚੇਅਰਮੈਨ ਇੰਡੀਅਨ ਸੋਸ਼ਲ ਕਲੱਬ ਸੱਲਾਹ ਓਮਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਨਤਮਸਤਕ ਹੋਏ। ਉਨ੍ਹਾਂ ਨਾਲ ਸ. ਜਸਬੀਰ ਸਿੰਘ ਸੇਠੀ ਵੀ ਹਾਜ਼ਰ ਸਨ। ਉਨ੍ਹਾਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਿਆ ਤੇ ਇਲਾਹੀ ਬਾਣੀ ਦੇ ਕੀਰਤਨ ਦਾ ਆਨੰਦ ਮਾਣਿਆ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਸੂਚਨਾ ਕੇਂਦਰ ਵਿਖੇ ਸ. ਦਿਲਜੀਤ ਸਿੰਘ ਬੇਦੀ ਵਧੀਕ ਸਕੱਤਰ ਸ਼੍ਰੋਮਣੀ ਕਮੇਟੀ, ਸ. ਸੁਖਵਿੰਦਰ ਸਿੰਘ ਗਰੇਵਾਲ ਨਿਜੀ ਸਹਾਇਕ ਤੇ ਸ. ਸੁਲੱਖਣ ਸਿੰਘ ਮੈਨੇਜਰ ਨੇ ਸ. ਮਨਪ੍ਰੀਤ ਸਿੰਘ ਨੂੰ ਸਿਰੋਪਾਓ ਤੇ ਧਾਰਮਿਕ ਪੁਸਤਕਾਂ ਦਾ ਸੈੱਟ ਦੇ ਕੇ ਸਨਮਾਨਿਤ ਕੀਤਾ।

ਸੂਚਨਾ ਕੇਂਦਰ ਵਿਖੇ ਗੱਲਬਾਤ ਦੌਰਾਨ ਸ. ਮਨਪ੍ਰੀਤ ਸਿੰਘ ਨੇ ਦੱਸਿਆ ਕਿ ਉਹ ਪਿਛਲੇ ਅੱਠ ਸਾਲਾਂ ਤੋਂ ਇਸ ਸੁਸਾਇਟੀ ਦੇ ਚੇਅਰਮੈਨ ਹਨ ਤੇ ਇਸ ਦੇ ਵੱਖ-ਵੱਖ ੧੩ ਵਿੰਗ ਹਨ ਜੋ ਸਮਾਜ ਭਲਾਈ ਦੇ ਕਾਰਜ ਬਿਨਾਂ ਕਿਸੇ ਭੇਦਭਾਵ ਦੇ ਕਰਦੇ ਹਨ। ਉਨ੍ਹਾਂ ਕਿਹਾ ਕਿ ਓਮਾਨ ਵਿੱਚ ਸਿੱਖਾਂ ਦੀ ਭਾਰੀ ਅਬਾਦੀ ਹੈ ਤੇ ਓਥੋਂ ਦੇ ਸਿੱਖ ਸਮੁਦਾਏ ਵੱਲੋਂ ਦੋ ਗੁਰਦੁਆਰਾ ਸਾਹਿਬ ਵੀ ਸਥਾਪਿਤ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਸੁਸਾਇਟੀ ਵੱਲੋਂ ਪਿਛਲੇ ਸਮੇਂ ਦੌਰਾਨ ਓਥੋਂ ਦੇ ਗਵਰਨਰ ਨੂੰ ਸਿੱਖ ਸਮੁਦਾਏ ਦੀ ਵੱਧ ਰਹੀ ਅਬਾਦੀ ਤੇ ਸ਼ਰਧਾ ਭਾਵਨਾ ਨੂੰ ਦੇਖਦੇ ਹੋਏ ਇਕ ਗਰਦੁਆਰਾ ਸਾਹਿਬ ਹੋਰ ਸਥਾਪਿਤ ਕਰਨ ਲਈ ਜਗ੍ਹਾ ਦੀ ਮੰਗ ਕੀਤੀ ਗਈ ਸੀ ਤੇ ਹੁਣ ਫੇਰ ਉਹ ਮਨਿਸਟਰੀ ਆਫ ਰਿਲੀਜਸ ਅਫੇਅਰ ਦੀ ਯੂਨਿਟ ਤੋਂ ਬਾਅਦ ਇਸ ਬਾਰੇ ਵਿਚਾਰ ਚਰਚਾ ਕਰਨਗੇ। ਉਨ੍ਹਾਂ ਕਿਹਾ ਕਿ ਰੂਹਾਨੀਅਤ ਦੇ ਇਸ ਕੇਂਦਰ ਵਿਖੇ ਮੈਂ ਅੱਜ ਸ੍ਰੀ ਗੁਰੂ ਰਾਮਦਾਸ ਪਾਤਸ਼ਾਹ ਦਾ ਧੰਨਵਾਦ ਕਰਦਿਆਂ ਅਰਦਾਸ ਕੀਤੀ ਹੈ ਕਿ ਸਤਿਗੁਰੂ-ਪਾਤਸ਼ਾਹ ਇਸ ਨਿਮਾਣੇ ਸਿੱਖ ਤੋਂ ਮਨੁੱਖਤਾ ਦੀ ਭਲਾਈ ਲਈ ਹਮੇਸ਼ਾ ਕਾਰਜ ਕਰਵਾਉਂਦੇ ਰਹਿਣ। ਇਸ ਮੌਕੇ ਸੂਚਨਾ ਅਧਿਕਾਰੀ ਸ. ਜਸਵਿੰਦਰ ਸਿੰਘ ਜੱਸੀ ਵੀ ਹਾਜ਼ਰ ਸਨ।

*੧੨ ਫਰਵਰੀ*

# ਸ. ਪ੍ਰੇਮ ਸਿੰਘ ਚੰਦੂਮਾਜਰਾ ਪਾਰਲੀਮੈਂਟਰੀ ਵਫ਼ਦ ਸਮੇਤ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਨਤਮਸਤਕ ਹੋਏ

ਅੰਮ੍ਰਿਤਸਰ- ਸ. ਪ੍ਰੇਮ ਸਿੰਘ ਚੰਦੂਮਾਜਰਾ ਮੈਂਬਰ ਪਾਰਲੀਮੈਂਟ (ਲੋਕ ਸਭਾ) ਸ੍ਰੀ ਅਨੰਦਪੁਰ ਸਾਹਿਬ ਨਾਲ ੧੦ ਮੈਂਬਰੀ ਪਾਰਲੀਮੈਂਟਰੀ ਵਫ਼ਦ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਨਤਮਸਤਕ ਹੋਇਆ। ਉਨ੍ਹਾਂ ਨਾਲ ਵਫ਼ਦ ਦੇ ਸ੍ਰੀ ਪ੍ਰਦੀਪ ਭੱਟਾਚਾਰੀਆ ਐਮ.ਪੀ. ਚੇਅਰਮੈਨ ਸਟੈਂਡਿੰਗ ਕਮੇਟੀ ਹੋਮ ਵੈਸਟ ਬੰਗਾਲ, ਸ੍ਰੀ ਦਲੀਪ ਪਟੇਲ ਐਮ.ਪੀ. ਅਨੰਦ ਗੁਜਰਾਤ, ਸ੍ਰੀ ਅਧੀਰ ਰੰਜਨ ਚੌਧਰੀ ਐਮ. ਪੀ., ਸ੍ਰੀ ਨੀਰਜ ਸ਼ੇਖਰ (ਬਲੀਆ, ਯੂ.ਪੀ.) ਐਮ.ਪੀ. ਮੱਧ ਪ੍ਰਦੇਸ਼, ਡਾ: ਵੀ ਮੈਤਰੀਯਨ ਐਮ.ਪੀ. ਤਾਮਿਲਨਾਡੂ, ਸ੍ਰੀ ਪ੍ਰਤਾਪ ਰਾਓ ਯਾਦਵ ਐਮ.ਪੀ. ਮਹਾਂਰਾਸ਼ਟਰ, ਡਾ: ਸੱਤਯਾਪਾਲ ਸਿੰਘ ਐਮ.ਪੀ., ਸ੍ਰੀ ਬਿਸ਼ਨੂਪਦਾ ਐਮ.ਪੀ. ਅੰਡੇਮਾਨ, ਸ੍ਰੀ ਕੇ ਰਹਿਮਾਨ ਖਾਨ, ਸ੍ਰੀ ਡੀ ਰਾਜਾ, ਡਾ: ਵੀ ਮੈਤਰੀਯਨ, ਸ੍ਰੀ ਵਿਮਲ ਕੁਮਾਰ ਡਾਇਰੈਕਟਰ, ਸ੍ਰੀ ਅਨੁਰਾਗ ਰੰਜਨ ਅਸਿਸਟੈਂਟ ਡਾਇਰੈਕਟਰ, ਸ੍ਰੀ ਐਸ ਬੈਨਰਜੀ, ਸ੍ਰੀ ਅੰਕਿਤ ਭਾਟੀਆ, ਸ. ਹਰਦੇਵ ਸਿੰਘ ਓ.ਐਸ.ਡੀ., ਸ੍ਰੀ ਤਿਲਕ ਰਾਜ ਸ੍ਰੀ ਗਣਪਤੀ ਜਾਇੰਟ ਸਕੱਤਰ ਹੋਮ ਮਨਿਸਟਰੀ ਤੇ ਸ੍ਰੀ ਸ਼ੈਲਿੰਦਰ ਕੌਸ਼ਿਕ ਹਾਜ਼ਰ ਸਨ।

ਸ੍ਰੀ ਚੰਦੂਮਾਜਰਾ ਨੇ ਵਫ਼ਦ ਦੇ ਮੈਂਬਰਾਂ ਨਾਲ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਇਲਾਹੀ ਬਾਣੀ ਦਾ ਕੀਰਤਨ ਸਰਵਣ ਕੀਤਾ ਤੇ ਸੂਚਨਾ ਕੇਂਦਰ ਵਿਖੇ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਨਾਲ ਗੱਲਬਾਤ ਦੌਰਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਇਤਿਹਾਸ ਦੀ ਜਾਣਕਾਰੀ ਹਾਸਿਲ ਕੀਤੀ। ਇਸ ਉਪਰੰਤ ਸ. ਹਰਚਰਨ ਸਿੰਘ ਮੁੱਖ

ਸਕੱਤਰ ਸ਼੍ਰੋਮਣੀ ਕਮੇਟੀ, ਸ. ਦਿਲਜੀਤ ਸਿੰਘ ਬੇਦੀ ਵਧੀਕ ਸਕੱਤਰ, ਸ. ਸੁਖਵਿੰਦਰ ਸਿੰਘ ਗਰੇਵਾਲ ਨਿਜੀ ਸਹਾਇਕ ਤੇ ਸ. ਸੁਲੱਖਣ ਸਿੰਘ ਮੈਨੇਜਰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਨੇ ਸ. ਚੰਦੂਮਾਜਰਾ ਤੇ ਉਨ੍ਹਾਂ ਨਾਲ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਨਤਮਸਤਕ ਹੋਣ ਆਏ ਵਫ਼ਦ ਨੂੰ ਸਿਰੋਪਾਓ, ਸ੍ਰੀ ਹਰਿਮੰਦਰ ਸਾਹਿਬ ਦੀ ਤਸਵੀਰ ਤੇ ਧਾਰਮਿਕ ਪੁਸਤਕਾਂ ਦਾ ਸੈੱਟ ਦੇ ਕੇ ਸਨਮਾਨਿਤ ਕੀਤਾ। ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਸ੍ਰੀ ਪ੍ਰਦੀਪ ਭੱਟਾਚਾਰੀਆ ਨੇ ਕਿਹਾ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਭਗਤੀ ਦਾ ਸੋਮਾ ਹੈ ਤੇ ਏਥੇ ਆ ਕੇ ਮਨ ਨੂੰ ਸ਼ਾਂਤੀ ਮਿਲਦੀ ਹੈ। ਉਨ੍ਹਾਂ ਕਿਹਾ ਕਿ ਮੈਂ ਏਥੇ ਸਮੁੱਚੇ ਭਾਰਤ ਦੇਸ਼ ਲਈ ਸ਼ਾਂਤੀ ਬਣਾਏ ਰੱਖਣ ਦੀ ਅਰਦਾਸ ਕੀਤੀ ਹੈ। ਉਨ੍ਹਾਂ ਸ਼੍ਰੋਮਣੀ ਕਮੇਟੀ ਅਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਉੱਚ ਅਧਿਕਾਰੀਆਂ ਤੇ ਕਰਮਚਾਰੀਆਂ ਦਾ ਧੰਨਵਾਦ ਕੀਤਾ।

ਸ. ਪ੍ਰੇਮ ਸਿੰਘ ਚੰਦੂਮਾਜਰਾ ਨੇ ਕਿਹਾ ਕਿ ਇਹ ਵਫ਼ਦ ਰਾਜਿਸਥਾਨ ਤੇ ਪੰਜਾਬ ਦੇ ਬਾਰਡਰ ਦਾ ਦੌਰਾ ਕਰਨ ਲਈ ਏਥੇ ਆਇਆ ਸੀ ਤੇ ਅੱਜ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਦਾ ਸ਼ੁਕਰਾਨਾ ਕਰਨ ਲਈ ਹਾਜ਼ਰ ਹੋਏ ਹਾਂ। ਉਨ੍ਹਾਂ ਕਿਹਾ ਕਿ ਵਫ਼ਦ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਸਰਬੱਤ ਦੇ ਭਲੇ ਅਤੇ ਚੰਗੇ ਰਿਸ਼ਤੇ ਬਣਾਈ ਰੱਖਣ ਦੀ ਅਰਦਾਸ ਬੇਨਤੀ ਕੀਤੀ ਗਈ ਹੈ। ਇਸ ਮੌਕੇ ਸ. ਗੁਰਬਚਨ ਸਿੰਘ ਮੁੱਖ ਸੂਚਨਾ ਅਧਿਕਾਰੀ, ਸ. ਜਸਵਿੰਦਰ ਸਿੰਘ ਸੂਚਨਾ ਅਧਿਕਾਰੀ, ਸ. ਇੰਦਰ ਮੋਹਣ ਸਿੰਘ 'ਅਨਜਾਣ' ਇੰਚਾਰਜ ਪਬਲੀਸਿਟੀ, ਸ. ਅੰਮ੍ਰਿਤਪਾਲ ਸਿੰਘ ਤੇ ਬੀਬੀ ਦਲਜੀਤ ਕੌਰ ਅਸਿਸਟੈਂਟ ਸੂਚਨਾ ਅਧਿਕਾਰੀ ਆਦਿ ਹਾਜ਼ਰ ਸਨ।

*੧੨ ਫਰਵਰੀ*

## ਬੁੱਧ ਧਰਮ ਦੇ ਸ੍ਰੀ ਵੇਨ ਲਾਚੁੰਗ ਰਿਨਪੋਚੇ ਤੇ ਕੈਨੇਡਾ ਦੇ ਮੰਤਰੀ ਅਮਰਜੀਤ ਸਿੰਘ ਸੋਹੀ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਿਆ

ਅੰਮ੍ਰਿਤਸਰ– ਬੁੱਧ ਧਰਮ ਦੇ ਸ੍ਰੀ ਵੇਨ ਲਾਚੁੰਗ ਰਿਨਪੋਚੇ ਆਪਣੇ ਪਰਿਵਾਰ ਸਮੇਤ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਨਤਮਸਤਿਕ ਹੋਏ ਤੇ ਇਲਾਹੀ ਬਾਣੀ ਦਾ ਕੀਰਤਨ ਸਰਵਣ ਕੀਤਾ। ਇਨ੍ਹਾਂ ਨਾਲ ਸ. ਸੁਰਿੰਦਰ ਸਿੰਘ ਅਰੋੜਾ ਸਾਬਕਾ ਜਨਰਲ ਮੈਨੇਜਰ ਪੰਜਾਬ ਨੈਸ਼ਨਲ ਬੈਂਕ ਵੀ ਮੌਜੂਦ ਸਨ। ਸ. ਹਰਚਰਨ ਸਿੰਘ ਮੁੱਖ ਸਕੱਤਰ ਸ਼੍ਰੋਮਣੀ ਕਮੇਟੀ ਨੇ ਇਨ੍ਹਾਂ ਨੂੰ ਸਿੱਖ ਇਤਿਹਾਸ ਦੀ ਜਾਣਕਾਰੀ ਦਿੱਤੀ। ਉਪਰੰਤ ਸੂਚਨਾ ਕੇਂਦਰ ਵਿਖੇ ਸ. ਹਰਚਰਨ ਸਿੰਘ ਮੁੱਖ ਸਕੱਤਰ ਤੇ ਸ. ਗੁਰਬਚਨ ਸਿੰਘ ਮੁੱਖ ਸੂਚਨਾ ਅਧਿਕਾਰੀ ਨੇ ਇਨ੍ਹਾਂ ਨੂੰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦਾ ਮਾਡਲ, ਸਿਰੋਪਾਓ ਤੇ ਕਿਤਾਬਾਂ ਦਾ ਸੈੱਟ ਦੇ ਕੇ ਸਨਮਾਨਿਤ ਕੀਤਾ। ਗੱਲਬਾਤ ਕਰਦਿਆਂ ਵੈਨ ਲਾਚੁੰਗ ਰਿਨਪੋਚੇ ਨੇ ਕਿਹਾ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਸ਼ਾਂਤਮਈ ਮਾਹੌਲ 'ਚ ਦਰਸ਼ਨ ਕਰਕੇ ਉਨ੍ਹਾਂ ਨੂੰ ਬਹੁਤ ਖੁਸ਼ੀ ਮਿਲੀ ਹੈ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਰਾਮਦਾਸ ਦੇ ਦਰ ਤੇ ਸਭ ਨੂੰ ਬਰਾਬਰ ਦਾ ਦਰਜਾ ਮਿਲਦਾ ਹੈ ਜਿਸ ਨਾਲ ਭਾਈਚਾਰਕ ਸਾਂਝ ਦਾ ਸੁਨੇਹਾ ਮਿਲਦਾ ਹੈ ਇਹ ਬਹੁਤ ਵੱਡੀ ਗੱਲ ਹੈ।

ਸ. ਅਮਰਜੀਤ ਸਿੰਘ ਸੋਹੀ ਇਨਫਰਾਸਟਰਕਚਰ ਤੇ ਕਮਿਊਨਿਟੀ ਮੰਤਰੀ ਕੈਨੇਡਾ ਨੇ ਵੀ ਆਪਣੇ ਪਰਿਵਾਰ ਸਮੇਤ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਿਆ ਤੇ ਇਲਾਹੀ ਬਾਣੀ ਦੇ ਕੀਰਤਨ ਦਾ ਅਨੰਦ ਮਾਣਿਆ। ਸ. ਗੁਰਬਚਨ ਸਿੰਘ ਮੁੱਖ ਸੂਚਨਾ ਅਧਿਕਾਰੀ ਨੇ ਇਨ੍ਹਾਂ ਨੂੰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਇਤਿਹਾਸ ਤੋਂ ਜਾਣੂ ਕਰਵਾਇਆ। ਉਪਰੰਤ ਸੂਚਨਾ ਕੇਂਦਰ ਵਿਖੇ ਸ. ਹਰਚਰਨ ਸਿੰਘ ਮੁੱਖ ਸਕੱਤਰ ਨੇ ਉਨ੍ਹਾਂ ਨੂੰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਤਸਵੀਰ, ਸਿਰੋਪਾਓ ਤੇ ਧਾਰਮਿਕ ਕਿਤਾਬਾਂ ਦਾ ਸੈਟ ਦੇ ਕੇ ਸਨਮਾਨਿਤ ਕੀਤਾ। ਗੱਲਬਾਤ ਦੌਰਾਨ ਸ. ਅਮਰਜੀਤ ਸਿੰਘ ਸੋਹੀ ਨੇ ਕਿਹਾ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਕੇ ਆਤਮਿਕ ਸ਼ਾਂਤੀ ਮਿਲੀ ਹੈ। ਉਨ੍ਹਾਂ ਕਿਹਾ ਕਿ ਮੈਂ ਆਪਣੇ ਆਪ ਨੂੰ ਭਾਗਾਂ ਵਾਲਾ ਸਮਝਦਾ ਹਾਂ ਕਿ ਮੈਨੂੰ ਇਸ ਪਵਿੱਤਰ ਅਸਥਾਨ ਦੇ ਦਰਸ਼ਨ ਕਰਨ ਦਾ ਮੌਕਾ ਮਿਲਿਆ ਹੈ।

*੨੦ ਫਰਵਰੀ*

# ਸ੍ਰੀ ਬੀ. ਆਨੰਦ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਨਤਮਸਤਿਕ ਹੋਏ

ਅੰਮ੍ਰਿਤਸਰ- ਮਨਿਸਟਰੀ ਆਫ਼ ਅਰਬਨ ਡਿਵੈਲਪਮੈਂਟ ਦੇ ਜਾਇੰਟ ਸਕੱਤਰ ਸ੍ਰੀ ਬੀ.ਆਨੰਦ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਨਤਮਸਤਿਕ ਹੋਏ। ਉਨ੍ਹਾਂ ਨਾਲ ਸ੍ਰੀ ਏ.ਕੇ. ਗਰਗ ਚੀਫ਼ ਇੰਜੀਨੀਅਰ ਪੀ. ਡਬਲਯੂ.ਡੀ., ਸੁਰਿੰਦਰ ਸਿੰਘ ਜੁਆਇੰਟ ਕਮਿਸ਼ਨਰ ਮਿਊਂਸਪਲ ਕਾਰਪੋਰੇਸ਼ਨ, ਅੰਮ੍ਰਿਤਸਰ ਤੇ ਇੰਸਪੈਕਟਰ ਸੁਖਵਿੰਦਰ ਸਿੰਘ ਮੱਲੀ ਨੇ ਵੀ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ-ਦੀਦਾਰੇ ਕੀਤੇ। ਸ੍ਰੀ ਬੀ. ਆਨੰਦ ਨੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਇਲਾਹੀ ਬਾਣੀ ਦਾ ਕੀਰਤਨ ਸੁਣਿਆ ਤੇ ਮੁੱਖ ਸੂਚਨਾ ਅਧਿਕਾਰੀ ਸ. ਗੁਰਬਚਨ ਸਿੰਘ ਤੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦਾ ਇਤਿਹਾਸ ਸੁਣਿਆ।

ਸੂਚਨਾ ਕੇਂਦਰ ਵਿਖੇ ਗੱਲਬਾਤ ਦੌਰਾਨ ਉਨ੍ਹਾਂ ਦੱਸਿਆ ਕਿ ਉਹ ਅੱਜ ਸ੍ਰੀ ਅੰਮ੍ਰਿਤਸਰ ਵਿਖੇ ਹਿਰਦੈ ਪ੍ਰੋਜੈਕਟ ਦਾ ਮੁਆਇਨਾ ਕਰਨ ਆਏ ਸਨ। ਉਨ੍ਹਾਂ ਕਿਹਾ ਕਿ ੬੦ ਕਰੋੜ ਦੇ ਇਸ ਪ੍ਰੋਜੈਕਟ ਵਿੱਚ ਜਿੱਥੇ ਗੁਰੂ ਨਗਰੀ ਸ੍ਰੀ ਅੰਮ੍ਰਿਤਸਰ ਦੀ ਕਾਇਆਂ ਕਲਪ ਕੀਤੀ ਜਾਵੇਗੀ, ਉਥੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਨਾਲ ਲਗਦੀਆਂ ਸੜਕਾਂ ਅਤੇ ਇਸ ਦੇ ਆਲੇ-ਦੁਆਲੇ ਦਾ ਵਿਕਾਸ ਤੇ ਸੁੰਦਰੀਕਰਨ ਵੀ ਵਿਸ਼ੇਸ਼ ਤੌਰ 'ਤੇ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਮੈਂ ਅੱਜ ਇਸ ਮੁਕੱਦਸ ਅਸਥਾਨ 'ਤੇ ਸੀਸ ਨਿਵਾ ਕੇ ਸ੍ਰੀ ਗੁਰੂ ਰਾਮਦਾਸ ਜੀ ਅੱਗੇ ਇਸ ਪ੍ਰੋਜੈਕਟ ਨੂੰ ਨੇਪਰੇ ਚਾੜ੍ਹਨ ਲਈ ਅਰਦਾਸ ਕਰਨ ਆਇਆ ਹਾਂ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਸੂਚਨਾ ਕੇਂਦਰ ਵਿਖੇ ਉਨ੍ਹਾਂ ਨੂੰ ਸ. ਗੁਰਬਚਨ ਸਿੰਘ ਮੁੱਖ ਸੂਚਨਾ ਅਧਿਕਾਰੀ ਅਤੇ ਸ. ਹਰਪ੍ਰੀਤ ਸਿੰਘ ਸਹਾਇਕ ਸੂਚਨਾ ਅਧਿਕਾਰੀ ਵੱਲੋਂ ਸਿਰੋਪਾਓ ਤੇ ਧਾਰਮਿਕ ਕਿਤਾਬਾਂ ਦਾ ਸੈੱਟ ਦੇ ਕੇ ਸਨਮਾਨਿਤ ਕੀਤਾ ਗਿਆ।

*੨੦ ਫਰਵਰੀ*

# ਕਾਮਨ ਵੈਲਥ ਆਫ ਦੋਮੀਨੀਕਾ ਦੇ ਪ੍ਰਧਾਨ ਮੰਤਰੀ ਮਿਸਟਰ ਰੂਜ਼ਵੈਲਟ ਸਕੈਰਿਟ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਨਤਮਸਤਿਕ ਹੋਏ

ਅੰਮ੍ਰਿਤਸਰ- ਕਾਮਨ ਵੈਲਥ ਆਫ਼ ਦੋਮੀਨੀਕਾ ਦੇ ਪ੍ਰਧਾਨ ਮੰਤਰੀ ਮਿਸਟਰ ਰੂਜ਼ਵੈਲਟ ਸਕੈਰਿਟ ਆਪਣੀ ਕੈਬਨਿਟ ਟੀਮ ਨਾਲ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਨਤਮਸਤਿਕ ਹੋਏ। ਉਨ੍ਹਾਂ ਨਾਲ ਕੈਬਨਿਟ ਸਕੱਤਰ ਮਿਸਟਰ ਸਟੀਵ ਫੈਰਨ ਵੀ ਸਨ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਨਤਮਸਤਿਕ ਹੋਣ ਉਪਰੰਤ ਉਨ੍ਹਾਂ ਮੁੱਖ ਸੂਚਨਾ ਅਧਿਕਾਰੀ ਸ. ਗੁਰਬਚਨ ਸਿੰਘ ਤੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਇਤਿਹਾਸ ਦੀ ਜਾਣਕਾਰੀ ਲਈ।

ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਮਿਸਟਰ ਰੂਜ਼ਵੈਲਟ ਸਕੈਰਿਟ ਨੇ ਭਾਰਤ ਤੇ ਖਾਸ ਕਰ ਪੰਜਾਬੀਆਂ ਦੀ ਤਾਰੀਫ਼ ਵਿੱਚ ਕਿਹਾ ਕਿ ਦੋਮੀਨੀਕਾ ਵਿੱਚ ਇੰਡੀਅਨ ਤੇ ਖਾਸ ਤੌਰ 'ਤੇ ਪੰਜਾਬੀਆਂ ਦੇ ੨੦ ਤੋਂ ੨੫ ਪਰਿਵਾਰ ਰਹਿੰਦੇ ਹਨ। ਜਿਨ੍ਹਾਂ ਵਿੱਚ ਕੁਝ ਡਾਕਟਰ, ਇੰਜੀਨੀਅਰ ਅਤੇ ਵਿਦਿਆਰਥੀ ਹਨ ਜੋ ਓਥੇ ਪੜ੍ਹਨ ਲਈ ਆਉਂਦੇ ਹਨ। ਉਨ੍ਹਾਂ ਕਿਹਾ ਕਿ ਇਹ ਬਹੁਤ ਹੀ ਮਿਹਨਤੀ ਤੇ ਕਾਬਲ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦੀ ਧਰਤੀ 'ਤੇ ਪੈਰ ਪਾਉਂਦਿਆਂ ਹੀ ਮੈਂ ਸਭ ਤੋਂ ਪਹਿਲਾਂ ਭਗਤੀ ਤੇ ਸ਼ਕਤੀ ਦੇ ਸੋਮੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਨਤਮਸਤਿਕ ਹੋਣ ਲਈ ਆਇਆ ਹਾਂ।

ਇਸ ਮੌਕੇ ਸੂਚਨਾ ਦਫ਼ਤਰ ਵਿਖੇ ਸ. ਗੁਰਬਚਨ ਸਿੰਘ ਮੁੱਖ ਸੂਚਨਾ ਅਧਿਕਾਰੀ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਮਿਸਟਰ ਰੂਜ਼ਵੈਲਟ ਸਕੈਰਿਟ, ਉਨ੍ਹਾਂ ਦੇ ਕੈਬਨਿਟ ਸਕੱਤਰ ਮਿਸਟਰ ਸਟੀਵ ਫੈਰਨ ਤੇ ਟੀਮ ਨੂੰ ਸਿਰੋਪਾਓ ਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦਾ ਮਾਡਲ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਸ. ਸਰਬਜੀਤ ਸਿੰਘ ਸਹਾਇਕ ਸੂਚਨਾ ਅਧਿਕਾਰੀ ਵੀ ਮੌਜੂਦ ਸਨ।

*੨੨ ਫਰਵਰੀ*

# ਗੁਰਦੁਆਰਾ ਬੁਰਜ ਅਕਾਲੀ ਫੂਲਾ ਸਿੰਘ ਦੇ ਲੰਗਰ ਹਾਲ ਦੀ ਦੂਸਰੀ ਮੰਜ਼ਿਲ ਦਾ ਲੈਂਟਰ ਪਾਇਆ

ਅੰਮ੍ਰਿਤਸਰ- ਗੁਰਦੁਆਰਾ ਬੁਰਜ ਅਕਾਲੀ ਫੂਲਾ ਸਿੰਘ ਵਿਖੇ ਨਵੇਂ ਬਣ ਰਹੇ ਲੰਗਰ ਹਾਲ ਦੀ ਦੂਸਰੀ ਮੰਜ਼ਿਲ ਦਾ ਲੈਂਟਰ ਪਾਇਆ ਗਿਆ। ਅਰਦਾਸ ਉਪਰੰਤ ਜਥੇਦਾਰ ਬਾਬਾ ਬਲਬੀਰ ਸਿੰਘ ਛਿਆਨਵੇਂ ਕਰੋੜੀ ਚਲਦਾ ਵਹੀਰ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ, ਸ. ਦਿਲਜੀਤ ਸਿੰਘ ਬੇਦੀ ਵਧੀਕ ਸਕੱਤਰ ਸ਼੍ਰੋਮਣੀ ਕਮੇਟੀ, ਬਾਬਾ ਗੁਰਪਿੰਦਰ ਸਿੰਘ ਵਡਾਲਾ ਸਤਲਾਣੀ ਸਾਹਿਬ, ਬਾਬਾ ਤਰਸੇਮ ਸਿੰਘ ਤਰਨਾ ਦਲ, ਬਾਬਾ ਜੱਸਾ ਸਿੰਘ ਤਲਵੰਡੀ ਸਾਬੋ ਤੇ ਬਾਬਾ ਇੰਦਰ ਸਿੰਘ ਬੁੱਢਾ ਦਲ ਨੇ ਸੀਮੈਂਟ ਦੇ ਬਾਟੇ ਚੁੱਕ ਕੇ ਸੇਵਾ ਦਾ ਆਰੰਭ ਕੀਤਾ। ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਜਥੇਦਾਰ ਬਾਬਾ ਬਲਬੀਰ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਗੁਰਦੁਆਰਾ ਸਾਹਿਬ ਦੇ ਨਵੇਂ ਬਣ ਰਹੇ ਲੰਗਰ ਹਾਲ ਦੀਆਂ ੫ ਮੰਜ਼ਿਲਾਂ ਹੋਣਗੀਆਂ। ਉਨ੍ਹਾਂ ਕਿਹਾ ਕਿ ਇਸ ਵਿੱਚ ਦੋ ਮੰਜ਼ਿਲਾਂ ਵਿੱਚ ਗੁਰਦੁਆਰਾ ਸਾਹਿਬ ਦੇ ਦਰਸ਼ਨਾ ਲਈ ਆਈਆਂ ਸੰਗਤਾਂ ਲਈ ਗੁਰੂ ਕਾ ਲੰਗਰ ਤਿਆਰ ਕਰਕੇ ਛਕਾਇਆ ਜਾਵੇਗਾ ਤੇ ਉੱਪਰਲੀਆਂ ਤਿੰਨ ਮੰਜ਼ਿਲਾਂ ਵਿੱਚ ਸੰਗਤਾਂ ਦੀ ਰਿਹਾਇਸ਼ ਲਈ ਆਧੁਨਿਕ ਤਕਨੀਕ ਨਾਲ ਤਿਆਰ ੪੫ ਕਮਰੇ ਬਣਾਏ ਜਾਣਗੇ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਵੱਲੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ-ਦੀਦਾਰੇ ਕਰਨ ਆਉਂਦੀਆਂ ਸੰਗਤਾਂ ਦੀ ਸਹੂਲਤ ਲਈ ਪ੍ਰਦੂਸ਼ਣ ਰਹਿਤ ਗੱਡੀਆਂ ਚਲਾਈਆਂ ਜਾਣਗੀਆਂ। ਇਸ ਮੌਕੇ ਭਾਰੀ ਗਿਣਤੀ ਵਿੱਚ ਨਿਹੰਗ ਸਿੰਘ ਜਥੇਬੰਦੀਆਂ ਦੇ ਮੁਖੀ ਤੇ ਸੰਗਤਾਂ ਹਾਜ਼ਰ ਸਨ। ਅੰਤ ਵਿੱਚ ਜਥੇਦਾਰ ਬਾਬਾ ਬਲਬੀਰ ਸਿੰਘ ਨੇ ਸੇਵਾ ਕਰਨ ਆਈਆਂ ਸੰਗਤਾਂ ਦਾ ਸ਼੍ਰੋਮਣੀ ਅਕਾਲੀ ਬੁੱਢਾ ਦਲ ਵੱਲੋਂ ਜੀ ਆਇਆਂ ਕਹਿੰਦਿਆਂ ਧੰਨਵਾਦ ਕੀਤਾ।

*੨੧ ਫਰਵਰੀ*

# ਸ. ਦਰਸ਼ਨ ਸਿੰਘ ਇੰਚਾਰਜ ਤੇ ਸ. ਜੋਗਿੰਦਰ ਸਿੰਘ ਕਲਰਕ ਨੂੰ ਸੇਵਾ-ਮੁਕਤ ਹੋਣ ਤੇ ਨਿੱਘੀ ਵਿਦਾਇਗੀ

ਅੰਮ੍ਰਿਤਸਰ- ਸ. ਦਰਸ਼ਨ ਸਿੰਘ ਇੰਚਾਰਜ ਧਾਰਮਿਕ ਪ੍ਰੀਖਿਆ ਤੇ ਸ. ਜੋਗਿੰਦਰ ਸਿੰਘ ਕਲਰਕ ਪੰਜਾਬ ਪ੍ਰਚਾਰ ਨੂੰ ਸੇਵਾ-ਮੁਕਤ ਹੋਣ 'ਤੇ ਨਿੱਘੀ ਵਿਦਾਇਗੀ ਦਿੱਤੀ ਗਈ।

ਇਸ ਮੌਕੇ ਸ. ਸੁਖਦੇਵ ਸਿੰਘ ਭੌਰ ਜਨਰਲ ਸਕੱਤਰ ਨੇ ਕਿਹਾ ਕਿ ਸ. ਦਰਸ਼ਨ ਸਿੰਘ ਇੰਚਾਰਜ ਧਾਰਮਿਕ ਪ੍ਰੀਖਿਆ ੩੪ ਸਾਲ ਤੇ ਸ. ਜੋਗਿੰਦਰ ਸਿੰਘ ਕਲਰਕ ਪੰਜਾਬ ਪ੍ਰਚਾਰ ੨੯ ਸਾਲ ਗੁਰੂ-ਘਰ ਦੀ ਸੇਵਾ ਕਰਨ ਉਪਰੰਤ ਅੱਜ ਸੇਵਾ-ਮੁਕਤ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਸੇਵਾ-ਮੁਕਤ ਹੋਣ ਵਾਲੇ ਮੁਲਾਜ਼ਮਾਂ ਨੇ ਸਤਿਗੁਰਾਂ ਦੀ ਬਖਸ਼ਿਸ਼ ਸਦਕਾ ਨਾ ਸਿਰਫ ਆਪਣੀ ਸੇਵਾ ਨੂੰ ਬਾਖੂਬੀ ਨਿਭਾਇਆ ਹੈ ਬਲਕਿ ਗੁਰੂ ਦੀਆਂ ਖੁਸ਼ੀਆਂ ਵੀ ਪ੍ਰਾਪਤ ਕੀਤੀਆਂ ਹਨ। ਉਨ੍ਹਾਂ ਕਿਹਾ ਕਿ ਸੇਵਾ-ਮੁਕਤ ਹੋਣ ਵਾਲੇ ਮੁਲਾਜ਼ਮ ਬੜੇ ਭਾਗਾਂ ਵਾਲੇ ਹਨ ਜਿਨ੍ਹਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿੱਚ ਨੌਕਰੀ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਮੁਲਾਜ਼ਮਾਂ ਨੇ ਆਪਣੇ ਜਿੰਮੇ ਲੱਗੀ ਸੇਵਾ ਪੂਰੀ ਤਨਦੇਹੀ, ਲਗਨ ਤੇ ਮਿਹਨਤ ਨਾਲ ਨਿਭਾਈ ਹੈ। ਉਨ੍ਹਾਂ ਇਨ੍ਹਾਂ ਮੁਲਾਜ਼ਮਾਂ ਦੇ ਚੰਗੇ ਜੀਵਨ ਤੇ ਪਰਿਵਾਰ ਦੀ ਚੜ੍ਹਦੀ ਕਲਾ ਦੀ ਅਰਦਾਸ ਕੀਤੀ।

ਇਸ ਸਮੇਂ ਸ. ਹਰਚਰਨ ਸਿੰਘ ਮੁੱਖ ਸਕੱਤਰ ਤੇ ਡਾ. ਰੂਪ ਸਿੰਘ ਸਕੱਤਰ ਨੇ ਸਾਂਝੇ ਤੌਰ 'ਤੇ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸੇਵਾ ਸ੍ਰੀ ਗੁਰੂ ਰਾਮਦਾਸ ਪਾਤਸ਼ਾਹ ਦੀ ਬਖਸ਼ਿਸ਼ ਨਾਲ ਮਿਲਦੀ ਹੈ। ਉਨ੍ਹਾਂ ਕਿਹਾ ਕਿ ਸੰਸਥਾ ਤੋਂ ਤਜ਼ਰਬੇਕਾਰ ਮੁਲਾਜ਼ਮਾਂ ਦੇ ਸੇਵਾ-ਮੁਕਤ ਹੋਣ ਨਾਲ ਕਮੀ ਮਹਿਸੂਸ ਹੁੰਦੀ ਹੈ, ਪਰ ਸੇਵਾ ਨਿਯਮਾਂ ਅਨੁਸਾਰ ਚੱਲਣਾ ਪੈਂਦਾ ਹੈ। ਉਨ੍ਹਾਂ ਅਰਦਾਸ ਕੀਤੀ ਕਿ ਸਤਿਗੁਰੂ ਇਨ੍ਹਾਂ ਮੁਲਾਜ਼ਮਾਂ ਨੂੰ ਨਾਮ ਬਾਣੀ ਨਾਲ ਜੋੜੀ ਰੱਖਣ

ਤੇ ਇਹ ਆਪਣੇ ਪਰਿਵਾਰ ਨਾਲ ਖੁਸ਼ੀਆਂ ਖੇੜਿਆਂ ਵਿੱਚ ਸਮਾਂ ਬਤੀਤ ਕਰਨ। ਇਸ ਮੌਕੇ ਸ. ਦਰਸ਼ਨ ਸਿੰਘ ਤੇ ਸ. ਜੋਗਿੰਦਰ ਸਿੰਘ ਨੂੰ ਸ. ਸੁਖਦੇਵ ਸਿੰਘ ਭੌਰ ਜਨਰਲ ਸਕੱਤਰ, ਸ. ਹਰਚਰਨ ਸਿੰਘ ਮੁੱਖ ਸਕੱਤਰ ਤੇ ਡਾ. ਰੂਪ ਸਿੰਘ ਸਕੱਤਰ ਨੇ ਸੇਵਾ-ਮੁਕਤ ਹੋਣ ਸਮੇਂ ਸਿਰੋਪਾਓ, ਸ੍ਰੀ ਸਾਹਿਬ, ਲੋਈ ਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਤਸਵੀਰ ਦੇ ਕੇ ਸਨਮਾਨਿਤ ਕੀਤਾ।

ਇਸ ਮੌਕੇ ਸ. ਗੁਰਿੰਦਰਪਾਲ ਸਿੰਘ ਗੋਰਾ ਮੈਂਬਰ ਸ਼੍ਰੋਮਣੀ ਕਮੇਟੀ, ਸ. ਹਰਭਜਨ ਸਿੰਘ ਮਨਾਵਾਂ, ਸ. ਸੁਖਦੇਵ ਸਿੰਘ ਭੂਰਾਕੋਹਨਾ, ਸ. ਬਿਜੈ ਸਿੰਘ, ਸ. ਰਣਜੀਤ ਸਿੰਘ ਸ. ਬਲਵਿੰਦਰ ਸਿੰਘ ਜੌੜਾਸਿੰਘਾ ਤੇ ਸ. ਪ੍ਰਤਾਪ ਸਿੰਘ ਵਧੀਕ ਸਕੱਤਰ, ਸ. ਸੁਲੱਖਣ ਸਿੰਘ ਮੈਨੇਜਰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ. ਸਤਬੀਰ ਸਿੰਘ ਓ ਐਸ ਡੀ, ਸ. ਸੰਤੋਖ ਸਿੰਘ, ਸ. ਜਗਜੀਤ ਸਿੰਘ, ਸ. ਤਰਵਿੰਦਰ ਸਿੰਘ ਤੇ ਸ. ਕੁਲਵਿੰਦਰ ਸਿੰਘ ਮੀਤ ਸਕੱਤਰ, ਸ. ਸਤਨਾਮ ਸਿੰਘ ਮਾਗਾਂਸਰਾਏ ਐਡੀਸ਼ਨਲ ਮੈਨੇਜਰ, ਸ. ਗੁਰਿੰਦਰਪਾਲ ਸਿੰਘ ਠਰੂ, ਸ. ਪਲਵਿੰਦਰ ਸਿੰਘ ਤੇ ਸ. ਤੇਜਿੰਦਰ ਸਿੰਘ ਪੱਡਾ ਇੰਚਾਰਜ ਤੇ ਪ੍ਰਿੰਸੀਪਲ ਬਲਦੇਵ ਸਿੰਘ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਆਦਿ ਹਾਜ਼ਰ ਸਨ।

*੨੯ ਫਰਵਰੀ*

## ਸ. ਬਲਵਿੰਦਰ ਸਿੰਘ ਪ੍ਰਿੰਸੀਪਲ ਨੂੰ ਸੇਵਾ-ਮੁਕਤ ਹੋਣ ਤੇ ਨਿੱਘੀ ਵਿਦਾਇਗੀ

ਅੰਮ੍ਰਿਤਸਰ- ਸ. ਬਲਵਿੰਦਰ ਸਿੰਘ ਪ੍ਰਿੰਸੀਪਲ ਸ੍ਰੀ ਗੁਰੂ ਰਾਮਦਾਸ ਖ਼ਾਲਸਾ ਸੀਨੀਅਰ ਸੈਕੰਡਰੀ ਸਕੂਲ ਨੂੰ ਸੇਵਾ-ਮੁਕਤ ਹੋਣ 'ਤੇ ਨਿੱਘੀ ਵਿਦਾਇਗੀ ਦਿੱਤੀ ਗਈ।

ਇਸ ਮੌਕੇ ਸ. ਬਲਵਿੰਦਰ ਸਿੰਘ ਜੌੜਾਸਿੰਘਾ ਵਧੀਕ ਸਕੱਤਰ ਨੇ ਕਿਹਾ ਕਿ ਪ੍ਰਿੰ. ਬਲਵਿੰਦਰ ਸਿੰਘ ਆਪਣੀ ਲੰਮੀ ਤੇ ਬੇਦਾਗ ਸੇਵਾ ਦੌਰਾਨ ਜਿਸ ਸਕੂਲ ਵਿੱਚ ਵੀ ਰਹੇ ਉਸ ਵਿੱਚ ਵਿਦਿਆ ਦੇ ਪ੍ਰਸਾਰ ਦੇ ਨਾਲ-ਨਾਲ ਸਕੂਲ ਨੂੰ ਹੋਰ ਵੀ ਵੱਖ-ਵੱਖ ਗਤੀਵਿਧੀਆਂ ਵਿੱਚ ਬੁਲੰਦੀਆਂ 'ਤੇ ਪਹੁੰਚਾਇਆ। ਉਨ੍ਹਾਂ ਕਿਹਾ ਕਿ ਇਨ੍ਹਾਂ ਦੇ ਸਭ ਗੁਣ ਸੰਪੰਨ ਹੋਣ ਸਦਕਾ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਡਾਇਰੈਕਟਰ ਆਫ ਸਪੋਰਟਸ ਵੀ ਨਿਯੁਕਤ ਕੀਤਾ ਗਿਆ ਜਿਸ ਵਿੱਚ ਇਨ੍ਹਾਂ ਨੇ ਬੜੀ ਸੁਹਿਰਦਤਾ ਨਾਲ ਆਪਣੇ ਜ਼ਿੰਮੇ ਲੱਗੀਆਂ ਸੇਵਾਵਾਂ ਨਿਭਾਇਆਂ ਹਨ।

ਪ੍ਰਿੰ. ਬਲਵਿੰਦਰ ਸਿੰਘ ਨੂੰ ਸੇਵਾ-ਮੁਕਤ ਹੋਣ ਸਮੇਂ ਸ. ਬਲਵਿੰਦਰ ਸਿੰਘ ਜੌੜਾਸਿੰਘਾ ਤੇ ਸ. ਕੇਵਲ ਸਿੰਘ ਵਧੀਕ ਸਕੱਤਰ ਨੇ ਸਿਰੋਪਾਓ, ਲੋਈ ਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਤਸਵੀਰ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਸ. ਮਨਿੰਦਰ ਮੋਹਣ ਸਿੰਘ ਤੇ ਸ. ਗੁਰਿੰਦਰਪਾਲ ਸਿੰਘ ਠਰੂ ਇੰਚਾਰਜ ਤੇ ਸਕੂਲ ਦਾ ਸਮੁੱਚਾ ਸਟਾਫ਼ ਹਾਜ਼ਰ ਸੀ।

*੨੯ ਫਰਵਰੀ*

## ਮੁਲਾਜ਼ਮ ਭਲਾਈ ਫੰਡ ਤਹਿਤ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮਾਂ ਨੂੰ ਵਿਦਾਇਗੀ ਪਾਰਟੀ ਦਿੱਤੀ ਗਈ

ਅੰਮ੍ਰਿਤਸਰ- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁਲਾਜ਼ਮਾਂ ਵੱਲੋਂ ਸ਼ੁਰੂ ਕੀਤੇ ਗਏ ਮੁਲਾਜ਼ਮ ਭਲਾਈ ਫੰਡ ਤਹਿਤ ਸੇਵਾ-ਮੁਕਤ ਹੋ ਚੁੱਕੇ ਸ. ਗੁਰਦੇਵ ਸਿੰਘ, ਸ. ਗੁਰਚਰਨ ਸਿੰਘ ਤੇ ਸ. ਜਗੀਰ ਸਿੰਘ ਮੀਤ ਸਕੱਤਰ, ਸ. ਸੁਬੇਗ ਸਿੰਘ ਮੈਨੇਜਰ, ਸ. ਵੱਸਣ ਸਿੰਘ ਸੁਪਰਵਾਈਜ਼ਰ ਖਰੀਦਾਂ, ਸ. ਜੋਗਿੰਦਰ ਸਿੰਘ ਭੋਜਾ ਸੁਪਰਵਾਈਜ਼ਰ ਧਰਮ ਪ੍ਰਚਾਰ ਕਮੇਟੀ, ਸ. ਤਰਲੋਚਨ ਸਿੰਘ ਸੁਪਰਵਾਈਜ਼ਰ ਅਮਲਾ, ਸ. ਗੁਰਬਚਨ ਸਿੰਘ ਸੁਪਰਵਾਈਜ਼ਰ, ਬੀਬੀ ਪਰਮਜੀਤ ਕੌਰ ਸ/ਸੁਪਰਵਾਈਜ਼ਰ ਧਰਮ ਪ੍ਰਚਾਰ ਕਮੇਟੀ, ਸ. ਸਤਨਾਮ ਸਿੰਘ ਕਲਰਕ ਸ਼੍ਰੋਮਣੀ ਕਮੇਟੀ, ਸ. ਸ਼ੇਰ ਸਿੰਘ ਹੈਲਪਰ ਸ਼੍ਰੋਮਣੀ ਕਮੇਟੀ ਤੇ ਸ. ਨਰਿੰਜਨ ਸਿੰਘ ਸੇਵਾਦਾਰ ਸ਼੍ਰੋਮਣੀ ਕਮੇਟੀ ਨੂੰ ਸਥਾਨਕ ਭਾਈ ਗੁਰਦਾਸ ਹਾਲ ਵਿਖੇ ਵਿਦਾਇਗੀ ਪਾਰਟੀ ਦਿੱਤੀ ਗਈ। ਇਨ੍ਹਾਂ ਮੁਲਾਜ਼ਮਾਂ ਨੂੰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਤਸਵੀਰ, ਲੋਈ, ਸਿਰੋਪਾਓ ਤੇ ਮੁਲਾਜ਼ਮ ਭਲਾਈ ਸਕੀਮ ਤਹਿਤ ਇੱਕੀ-ਇੱਕੀ ਹਜ਼ਾਰ ਰੁਪਏ ਦੇ ਕੇ ਡਾ. ਰੂਪ ਸਿੰਘ ਤੇ ਸ. ਮਨਜੀਤ ਸਿੰਘ ਸਕੱਤਰ

ਨੇ ਸਨਮਾਨਿਤ ਕੀਤਾ।

ਵਿਦਾਇਗੀ ਪਾਰਟੀ ਸਮੇਂ ਡਾ. ਰੂਪ ਸਿੰਘ ਤੇ ਸ. ਮਨਜੀਤ ਸਿੰਘ ਸਕੱਤਰ ਨੇ ਸਾਂਝੇ ਤੌਰ 'ਤੇ ਸੰਬੋਧਨ ਕਰਦਿਆਂ ਕਿਹਾ ਕਿ ਸ੍ਰੀ ਗੁਰੂ ਰਾਮਦਾਸ ਪਾਤਸ਼ਾਹ ਦੀ ਅਪਾਰ ਬਖਸ਼ਿਸ਼ ਸਦਕਾ ਸੇਵਾ-ਮੁਕਤ ਹੋ ਚੁੱਕੇ ਮੁਲਾਜ਼ਮਾਂ ਨੇ ਸੰਸਥਾ ਨੂੰ ਸਮਰਪਿਤ ਹੋ ਕੇ ਸੇਵਾ ਕੀਤੀ ਹੈ। ਉਨ੍ਹਾਂ ਕਿਹਾ ਕਿ ਸਾਰੇ ਹੀ ਅਧਿਕਾਰੀ ਤੇ ਕਰਮਚਾਰੀ ਚੰਗੀਆਂ ਸੇਵਾਵਾਂ ਨਿਭਾਉਂਦੇ ਰਹੇ ਹਨ। ਉਨ੍ਹਾਂ ਕਿਹਾ ਕਿ ਸਤਿਗੁਰੂ ਜੀ ਇਨ੍ਹਾਂ ਤੇ ਕਿਰਪਾ ਕਰਨ ਤੇ ਇਹ ਆਪਣੀ ਰਹਿੰਦੀ ਜ਼ਿੰਦਗੀ ਗੁਰੂ ਆਸ਼ੇ ਅਨੁਸਾਰ ਸਦਾ ਚੜ੍ਹਦੀ ਕਲਾ ਵਿੱਚ ਬਤੀਤ ਕਰਦੇ ਹੋਏ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਜੁੜੇ ਰਹਿਣ। ਇਸ ਤੋਂ ਇਲਾਵਾ ਸ. ਸਤਬੀਰ ਸਿੰਘ ਓ.ਐਸ. ਡੀ. ਧਰਮ ਪ੍ਰਚਾਰ ਕਮੇਟੀ, ਸ. ਜੋਗਿੰਦਰ ਸਿੰਘ ਸਕੱਤਰ ਸ੍ਰੀ ਗੁਰੂ ਰਾਮਦਾਸ ਇੰਸਟੀਚਿਊਟ ਆਫ ਮੈਡੀਕਲ ਸਾਇੰਸਿਜ਼ ਐਂਡ ਰਿਸਰਚ ਵੱਲਾ, ਸ. ਸੁਖਦੇਵ ਸਿੰਘ ਭੂਰਾਕੋਹਨਾ ਵਧੀਕ ਸਕੱਤਰ, ਸ. ਰਘਬੀਰ ਸਿੰਘ ਸਾਬਕਾ ਸਕੱਤਰ ਸ਼੍ਰੋਮਣੀ ਕਮੇਟੀ ਤੇ ਸ. ਪ੍ਰੀਤਮ ਸਿੰਘ ਪੁਰੀ ਸਾਬਕਾ ਮੈਨੇਜਰ ਗੋਲਡਨ ਆਫਸੈਟ ਪ੍ਰੈੱਸ ਨੇ ਵੀ ਸੰਬੋਧਨ ਕੀਤਾ। ਸਟੇਜ ਸਕੱਤਰ ਦੀ ਸੇਵਾ ਸ. ਰਣਜੀਤ ਸਿੰਘ ਵਧੀਕ ਸਕੱਤਰ ਤੇ ਸ. ਜਗਜੀਤ ਸਿੰਘ ਮੀਤ ਸਕੱਤਰ ਨੇ ਨਿਭਾਈ।

ਇਸ ਮੌਕੇ ਸ. ਹਰਭਜਨ ਸਿੰਘ ਮਨਾਵਾਂ, ਸ. ਮਹਿੰਦਰ ਸਿੰਘ ਆਹਲੀ, ਸ. ਬਿਜੈ ਸਿੰਘ ਤੇ ਸ. ਪ੍ਰਤਾਪ ਸਿੰਘ ਵਧੀਕ ਸਕੱਤਰ, ਸ. ਸਤਿੰਦਰ ਸਿੰਘ ਨਿਜੀ ਸਹਾਇਕ, ਸ. ਸੰਤੋਖ ਸਿੰਘ, ਸ. ਭੁਪਿੰਦਰਪਾਲ ਸਿੰਘ, ਸ. ਸਕੱਤਰ ਸਿੰਘ ਤੇ ਸ. ਕੁਲਵਿੰਦਰ ਸਿੰਘ ਮੀਤ ਸਕੱਤਰ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੈਨੇਜਰ ਸ. ਸੁਲੱਖਣ ਸਿੰਘ, ਸ. ਇੰਦਰ ਮੋਹਣ ਸਿੰਘ 'ਅਨਜਾਣ' ਇੰਚਾਰਜ ਪਬਲੀਸਿਟੀ, ਸ. ਕਰਮਬੀਰ ਸਿੰਘ, ਸ. ਸਤਨਾਮ ਸਿੰਘ, ਸ. ਮਨਿੰਦਰਮੋਹਨ ਸਿੰਘ, ਸ. ਸੁਖਬੀਰ ਸਿੰਘ, ਸ. ਸੁਖਦੇਵ ਸਿੰਘ, ਸ. ਬਲਵਿੰਦਰ ਸਿੰਘ ਖੈਰਾਬਾਦ, ਸ. ਜਸਵਿੰਦਰ ਸਿੰਘ ਦੀਪ, ਸ. ਨਿਰਵੈਲ ਸਿੰਘ ਤੇ ਬੀਬੀ ਮਨਮੋਹਨ ਕੌਰ ਇੰਚਾਰਜ, ਸ. ਹਰਜਿੰਦਰ ਸਿੰਘ ਸੁਪ੍ਰਿੰਟੈਂਡੈਂਟ, ਸ. ਮਲਕੀਤ ਸਿੰਘ ਬਹਿੜਵਾਲ ਸ/ਸੁਪ੍ਰਿੰਟੈਂਡੈਂਟ, ਸ. ਬਘੇਲ ਸਿੰਘ, ਸ. ਸਤਨਾਮ ਸਿੰਘ ਮਾਂਗਾਸਰਾਏ ਤੇ ਸ. ਜਤਿੰਦਰ ਸਿੰਘ ਵਧੀਕ ਮੈਨੇਜਰ, ਸ. ਪਰਮਿੰਦਰ ਸਿੰਘ ਮੈਨੇਜਰ ਗੋਲਡਨ ਆਫਸੈਟ ਪ੍ਰੈੱਸ, ਸ. ਪਰਉਪਕਾਰ ਸਿੰਘ ਤੇ ਸ. ਇਕਬਾਲ ਸਿੰਘ ਅਕਾਊਂਟੈਂਟ, ਸ. ਮਿਲਖਾ ਸਿੰਘ ਆਈ.ਏ., ਸ. ਹਰਜਿੰਦਰ ਸਿੰਘ ਸੁਪਰਵਾਈਜ਼ਰ ਤੋਂ ਇਲਾਵਾ ਸੇਵਾ-ਮੁਕਤ ਅਧਿਕਾਰੀਆਂ ਦੇ ਪਰਿਵਾਰ ਹਾਜ਼ਰ ਸਨ। *੧੨ ਫਰਵਰੀ*

# ਜਥੇ. ਅਵਤਾਰ ਸਿੰਘ ਪ੍ਰਧਾਨ ਸ਼੍ਰੋਮਣੀ ਕਮੇਟੀ ਨੇ ਸ. ਮਨਮੋਹਨ ਸਿੰਘ ਬਰਾੜ ਦੇ ਚਲਾਣੇ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ

ਅੰਮ੍ਰਿਤਸਰ- ਸਿੱਖ ਗੁਰਦੁਆਰਾ ਜੁਡੀਸ਼ੀਅਲ ਕਮਿਸ਼ਨ ਦੇ ਚੇਅਰਮੈਨ ਸ.ਮਨਮੋਹਨ ਸਿੰਘ ਬਰਾੜ ਦਾ ਆਪਣੇ ਗ੍ਰਹਿ ਫਰੀਦਕੋਟ ਵਿਖੇ ਦਿਹਾਂਤ ਹੋ ਗਿਆ। ਉਹ ਤਕਰੀਬਨ ੮੨ ਵਰ੍ਹਿਆਂ ਦੇ ਸਨ। ਸ. ਮਨਮੋਹਨ ਸਿੰਘ ਬਰਾੜ ਦਾ ਅੰਤਿਮ ਸੰਸਕਾਰ ਫਰੀਦਕੋਟ ਵਿਖੇ ਧਾਰਮਿਕ ਰਸਮਾਂ ਅਨੁਸਾਰ ਕੀਤਾ ਗਿਆ, ਜਿਥੇ ਉਨ੍ਹਾਂ ਨੂੰ ਹਜ਼ਾਰਾਂ ਨਮ ਅੱਖਾਂ ਨੇ ਅੰਤਿਮ ਵਿਦਾਇਗੀ ਦਿੱਤੀ।

ਜਥੇਦਾਰ ਅਵਤਾਰ ਸਿੰਘ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ. ਸ਼ੇਰ ਸਿੰਘ ਮੰਡਵਾਲਾ, ਸ. ਲਖਮੀਰ ਸਿੰਘ, ਬੀਬੀ ਗੁਰਿੰਦਰ ਕੌਰ ਮੈਂਬਰ ਸ਼੍ਰੋਮਣੀ ਕਮੇਟੀ ਅਤੇ ਸ. ਮੱਖਣ ਸਿੰਘ ਸਾਬਕਾ ਮੈਂਬਰ ਸ਼੍ਰੋਮਣੀ ਕਮੇਟੀ ਤੇ ਸ. ਕੇਵਲ ਸਿੰਘ ਵਧੀਕ ਸਕੱਤਰ ਨੇ ਉਨ੍ਹਾਂ ਦੀ ਮ੍ਰਿਤਕ ਦੇਹ 'ਤੇ ਦੁਸ਼ਾਲਾ ਤੇ ਗੁਰੂ-ਘਰ ਦੀ ਬਖਸ਼ਿਸ਼ ਸਿਰੋਪਾਓ ਪਾਇਆ। ਜਥੇਦਾਰ ਅਵਤਾਰ ਸਿੰਘ ਪ੍ਰਧਾਨ ਸ਼੍ਰੋਮਣੀ ਕਮੇਟੀ ਨੇ ਸ. ਮਨਮੋਹਨ ਸਿੰਘ ਬਰਾੜ ਦੇ ਅਕਾਲ ਚਲਾਣੇ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ੨੦੦੨ ਤੋਂ ੨੦੦੪ ਅਤੇ ੨੦੦੯ ਤੋਂ ਹੁਣ ਤੀਕ ਇਨ੍ਹਾਂ ਸਿੱਖ ਗੁਰਦੁਆਰਾ ਜੁਡੀਸ਼ੀਅਲ ਕਮਿਸ਼ਨ ਦੇ ਚੇਅਰਮੈਨ ਵਜੋਂ ਵੱਡਮੁੱਲੀਆਂ ਸੇਵਾਵਾਂ ਨਿਭਾਈਆਂ ਹਨ। ਉਨ੍ਹਾਂ ਕਿਹਾ ਕਿ ਸ. ਬਰਾੜ ਦੇ ਅਕਾਲ ਚਲਾਣੇ ਨਾਲ ਨਾ ਪੂਰਿਆ ਜਾਣ ਵਾਲਾ ਘਾਟਾ ਪਿਆ ਹੈ, ਪਰ ਸਤਿਗੁਰੂ ਦਾ ਭਾਣਾ ਅਟੱਲ ਹੈ ਉਸ

ਅੱਗੇ ਕਿਸੇ ਦਾ ਜ਼ੋਰ ਨਹੀਂ ਚੱਲਦਾ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਰਾਮਦਾਸ ਪਾਤਸ਼ਾਹ ਸ. ਮਨਮੋਹਨ ਸਿੰਘ ਬਰਾੜ ਦੀ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ਣ ਤੇ ਪਿੱਛੇ ਪਰਿਵਾਰ, ਸਨੇਹੀਆਂ ਤੇ ਸੰਗਤਾਂ ਨੂੰ ਭਾਣਾ ਮੰਨਣ ਦਾ ਬਲ ਪ੍ਰਦਾਨ ਕਰਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਸਕੱਤਰ ਸ. ਹਰਚਰਨ ਸਿੰਘ, ਡਾ. ਰੂਪ ਸਿੰਘ, ਸ. ਮਨਜੀਤ ਸਿੰਘ ਤੇ ਸ. ਅਵਤਾਰ ਸਿੰਘ ਸਕੱਤਰ ਅਤੇ ਸ. ਦਿਲਜੀਤ ਸਿੰਘ ਬੇਦੀ ਵਧੀਕ ਸਕੱਤਰ ਨੇ ਵੀ ਸ. ਮਨੋਮਹਨ ਸਿੰਘ ਬਰਾੜ ਦੇ ਅਕਾਲ ਚਲਾਣੇ ਤੇ ਡੂੰਘੇ ਦੁੱਖ ਦਾ ਇਜ਼ਹਾਰ ਕੀਤਾ। *੧੧ ਫਰਵਰੀ*

# ਜਥੇਦਾਰ ਅਵਤਾਰ ਸਿੰਘ ਨੇ ਸੰਤ ਹਰਦੇਵ ਸਿੰਘ ਦੇ ਅਕਾਲ ਚਲਾਣੇ 'ਤੇ ਡੂੰਘੇ ਦੁੱਖ ਦਾ ਇਜ਼ਹਾਰ ਕੀਤਾ

ਅੰਮ੍ਰਿਤਸਰ- ਜਥੇਦਾਰ ਅਵਤਾਰ ਸਿੰਘ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪ੍ਰਸਿੱਧ ਸਿੱਖ ਪ੍ਰਚਾਰਕ ਤੇ ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਕਮੇਟੀ) ਦੇ ਸਾਬਕਾ ਮੈਂਬਰ ਸੰਤ ਹਰਦੇਵ ਸਿੰਘ ਲੂਲੋਂ ਦੇ ਅਕਾਲ ਚਲਾਣਾ ਕਰ ਜਾਣ 'ਤੇ ਡੂੰਘੇ ਦੁੱਖ ਦਾ ਇਜ਼ਹਾਰ ਕਰਦਿਆਂ ਪਰਿਵਾਰ ਨਾਲ ਹਮਦਰਦੀ ਪ੍ਰਗਟ ਕੀਤੀ ਹੈ।

ਜਾਰੀ ਪ੍ਰੈੱਸ ਬਿਆਨ 'ਚ ਉਨ੍ਹਾਂ ਕਿਹਾ ਕਿ ਸੰਤ ਹਰਦੇਵ ਸਿੰਘ ਲੂਲੋਂ ਨੇ ਦੇਸ਼-ਵਿਦੇਸ਼ 'ਚ ਗੁਰਬਾਣੀ ਦੇ ਅਦਬ ਸਤਿਕਾਰ ਲਈ ਬੇਹੱਦ ਪ੍ਰਚਾਰ ਕੀਤਾ। ਉਨ੍ਹਾਂ ਕਿਹਾ ਕਿ ਸੰਤ ਹਰਦੇਵ ਸਿੰਘ ਲੂਲੋਂ ਨੇ ਗੁਰਮਤਿ ਰਹਿਤ ਮਰਿਯਾਦਾ ਰੂਪੀ ਖਜ਼ਾਨੇ ਨੂੰ ਹੁਣ ਤੀਕ ਸਾਂਭਿਆ ਹੋਇਆ ਸੀ, ਪਰ ਪਰਮਾਤਮਾ ਦਾ ਭਾਣਾ ਅਟੱਲ ਹੈ, ਉਸ ਅੱਗੇ ਕਿਸੇ ਦਾ ਜ਼ੋਰ ਨਹੀਂ ਚੱਲਦਾ। ਉਨ੍ਹਾਂ ਕਿਹਾ ਕਿ ਸੰਤ ਹਰਦੇਵ ਸਿੰਘ ਲੂਲੋਂ ਦੇ ਅਕਾਲ ਚਲਾਣੇ ਨਾਲ ਨਾ ਪੂਰਿਆ ਜਾਣ ਵਾਲਾ ਘਾਟਾ ਪਿਆ ਹੈ। ਉਨ੍ਹਾਂ ਕਿਹਾ ਕਿ ਅਰਦਾਸ ਹੈ ਸਤਿਗੁਰੂ ਜੀ ਸੰਤ ਹਰਦੇਵ ਸਿੰਘ ਲੂਲੋਂ ਨੂੰ ਆਪਣੇ ਚਰਨਾਂ 'ਚ ਨਿਵਾਸ ਬਖਸ਼ਣ ਤੇ ਪਿੱਛੇ ਪਰਿਵਾਰ ਅਤੇ ਸਾਕ-ਸਬੰਧੀਆਂ ਨੂੰ ਭਾਣਾ ਮੰਨਣ ਦਾ ਬਲ ਪ੍ਰਦਾਨ ਕਰਨ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਸਕੱਤਰ ਸ. ਹਰਚਰਨ ਸਿੰਘ, ਡਾ. ਰੂਪ ਸਿੰਘ, ਸ. ਮਨਜੀਤ ਸਿੰਘ ਤੇ ਸ. ਅਵਤਾਰ ਸਿੰਘ ਸਕੱਤਰ ਅਤੇ ਸ. ਦਿਲਜੀਤ ਸਿੰਘ ਬੇਦੀ ਵਧੀਕ ਸਕੱਤਰ ਨੇ ਵੀ ਸੰਤ ਹਰਦੇਵ ਸਿੰਘ ਲੂਲੋਂ ਦੇ ਅਕਾਲ ਚਲਾਣੇ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ। *੧੯ ਫਰਵਰੀ*

# ਜਥੇਦਾਰ ਅਵਤਾਰ ਸਿੰਘ ਨੇ ਸ. ਤਰਲੋਚਨ ਸਿੰਘ ਤੁੜ ਦੇ ਅਕਾਲ ਚਲਾਣੇ 'ਤੇ ਡੂੰਘੇ ਦੁੱਖ ਦਾ ਇਜ਼ਹਾਰ ਕੀਤਾ

ਅੰਮ੍ਰਿਤਸਰ- ਜਥੇਦਾਰ ਅਵਤਾਰ ਸਿੰਘ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਪ੍ਰਧਾਨ ਸਵ: ਜਥੇਦਾਰ ਮੋਹਨ ਸਿੰਘ ਤੁੜ ਦੇ ਸਪੁੱਤਰ ਸ. ਤਰਲੋਚਨ ਸਿੰਘ ਤੁੜ ਦੇ ਅਕਾਲ ਚਲਾਣੇ 'ਤੇ ਡੂੰਘੇ ਦੁੱਖ ਦਾ ਇਜ਼ਹਾਰ ਕੀਤਾ ਹੈ। ਇਥੋਂ ਜਾਰੀ ਪ੍ਰੈੱਸ ਬਿਆਨ 'ਚ ਉਨ੍ਹਾਂ ਕਿਹਾ ਕਿ ਸ. ਤਰਲੋਚਨ ਸਿੰਘ ਪਹਿਲੀ ਵਾਰ ਸ਼੍ਰੋਮਣੀ ਅਕਾਲੀ ਦਲ ਵੱਲੋਂ ੧੯੮੫ ਵਿੱਚ ਚੋਣ ਲੜ ਕੇ ਮੈਂਬਰ ਪਾਰਲੀਮੈਂਟ ਬਣੇ ਅਤੇ ਬਾਅਦ ਵਿੱਚ ੧੯੯੮ ਤੇ ੧੯੯੯ ਵਿੱਚ ਦੋ ਵਾਰੀ ਮੈਂਬਰ ਪਾਰਲੀਮੈਂਟ ਚੁਣੇ ਗਏ। ਉਨ੍ਹਾਂ ਕਿਹਾ ਕਿ ਸ. ਤਰਲੋਚਨ ਸਿੰਘ ਤੁੜ ਨੇ ਸਾਰੀ ਉਮਰ ਲੋਕ ਭਲਾਈ ਦੇ ਕੰਮਾਂ ਵਿੱਚ ਬਤੀਤ ਕੀਤੀ, ਪਰ ਅਕਾਲ ਪੁਰਖ ਦਾ ਭਾਣਾ ਅਟੱਲ ਹੈ ਉਸ ਅੱਗੇ ਕਿਸੇ ਦਾ ਜ਼ੋਰ ਨਹੀਂ ਚੱਲਦਾ। ਉਨ੍ਹਾਂ ਕਿਹਾ ਕਿ ਸ. ਤਰਲੋਚਨ ਸਿੰਘ ਦੇ ਅਚਾਨਕ ਅਕਾਲ ਚਲਾਣਾ ਕਰ ਜਾਣ ਨਾਲ ਨਾ ਪੂਰਿਆ ਜਾਣਾ ਵਾਲਾ ਘਾਟਾ ਪਿਆ ਹੈ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਰਾਮਦਾਸ ਪਾਤਸ਼ਾਹ ਦੇ ਚਰਨਾਂ ਵਿੱਚ ਅਰਦਾਸ ਜੋਦੜੀ ਹੈ ਕਿ ਉਹ ਸ. ਤਰਲੋਚਨ ਸਿੰਘ ਤੁੜ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ਣ ਤੇ ਪਿੱਛੇ ਪਰਿਵਾਰ ਅਤੇ ਸਨੇਹੀਆਂ ਨੂੰ ਭਾਣਾ ਮੰਨਣ ਦਾ ਬਲ ਪ੍ਰਦਾਨ ਕਰਨ। *੨੯ ਫਰਵਰੀ*

■

# ਧਰਮ ਪ੍ਰਚਾਰ ਸਰਗਰਮੀਆਂ

## ਧਰਮ ਪ੍ਰਚਾਰ ਕਮੇਟੀ ਵੱਲੋਂ 'ਗੁਰਬਾਣੀ ਕੰਠ ਲਹਿਰ' ਤਹਿਤ ਵਿਦਿਆਰਥੀਆਂ ਨੂੰ ਧਰਮ ਨਾਲ ਜੋੜਨਾ ਸ਼ਲਾਘਾਯੋਗ- ਗਿ. ਜਗਤਾਰ ਸਿੰਘ

ਜਥੇਦਾਰ ਅਵਤਾਰ ਸਿੰਘ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਹੋਏ ਆਦੇਸ਼ਾਂ ਅਨੁਸਾਰ ਸਥਾਨਕ ਭਾਈ ਗੁਰਦਾਸ ਹਾਲ ਵਿਖੇ ਅੰਮ੍ਰਿਤਸਰ ਜੋਨ ਦੇ ਸ੍ਰੀ ਗੁਰੂ ਰਾਮਦਾਸ ਖਾਲਸਾ ਸੀਨੀ: ਸੈਕੰ: ਸਕੂਲ, ਰਾਮਸਰ ਰੋਡ, ਸ੍ਰੀ ਗੁਰੂ ਰਾਮਦਾਸ ਪਬਲਿਕ ਸਕੂਲ ਸੁਲਤਾਨਵਿੰਡ ਰੋਡ, ਸ੍ਰੀ ਗੁਰੂ ਨਾਨਕ ਦੇਵ ਗਰਲਜ਼ ਸੀਨੀ: ਸੈਕੰ: ਸਕੂਲ ਘਿਉ ਮੰਡੀ, ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਸੀਨੀ: ਸੈਕੰ: ਸਕੂਲ ਬਾਬਾ ਬਕਾਲਾ, ਮਾਤਾ ਗੰਗਾ ਜੀ ਗਰਲਜ਼ ਸੀਨੀ: ਸੈਕੰ: ਸਕੂਲ ਬਾਬਾ ਬਕਾਲਾ, ਖਾਲਸਾ ਸੀਨੀ: ਸੈਕੰ: ਸਕੂਲ ਗੁਰੂ ਕਾ ਬਾਗ, ਸਾਹਿਬਜ਼ਾਦਾ ਬਾਬਾ ਫ਼ਤਹਿ ਸਿੰਘ ਪਬਲਿਕ ਸਕੂਲ ਗੁਰੂ ਕਾ ਬਾਗ ਤਹਿ: ਅਜਨਾਲਾ ਅਤੇ ਬਾਬਾ ਜੀਵਨ ਸਿੰਘ ਖਾਲਸਾ ਕਾਲਜ ਗੁਰੂਸਰ ਸਤਲਾਣੀ ਸਾਹਿਬ ਦੇ ਵਿਦਿਆਰਥੀਆਂ ਦਰਮਿਆਨ "ਸਿੱਖ ਇਤਿਹਾਸ, ਸਿੱਖ ਰਹਿਤ ਮਰਯਾਦਾ ਤੇ ਗੁਰਬਾਣੀ ਕੰਠ ਮੁਕਾਬਲੇ" ਕਰਵਾਏ ਗਏ।

ਇਸ ਮੌਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਗਿ: ਜਗਤਾਰ ਸਿੰਘ ਨੇ ਸੰਬੋਧਨ ਕਰਦਿਆਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਵੱਲੋਂ ਸ਼ੁਰੂ ਕੀਤੀ ਸਿੱਖ ਇਤਿਹਾਸ, ਸਿੱਖ ਰਹਿਤ ਮਰਯਾਦਾ ਤੇ ਗੁਰਬਾਣੀ ਕੰਠ ਲਹਿਰ ਬਹੁਤ ਹੀ ਸ਼ਲਾਘਾਯੋਗ ਉਪਰਾਲਾ ਹੈ। ਉਨ੍ਹਾਂ ਕਿਹਾ ਕਿ ਬੱਚਿਆਂ ਨੂੰ ਆਪਣੇ ਧਰਮ ਅਤੇ ਵਿਰਸੇ ਨਾਲ ਜੋੜੀ ਰੱਖਣ ਲਈ ਇਹ ਲਹਿਰ ਅੱਗੋਂ ਲਗਾਤਾਰ ਜਾਰੀ ਰੱਖੀ ਜਾਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਅਜਿਹੇ ਸਮਾਗਮਾਂ ਨਾਲ ਜਿੱਥੇ ਸਾਡੀ ਨਵੀਂ ਪੀੜ੍ਹੀ ਆਪਣੇ ਧਰਮ ਨਾਲ ਜੁੜਦੀ ਹੈ ਉੱਥੇ ਮਾਰੂ ਨਸ਼ਿਆਂ ਤੋਂ ਵੀ ਦੂਰ ਹੁੰਦੀ ਹੈ। ਉਨ੍ਹਾਂ ਕਿਹਾ ਕਿ ਅੱਜ ਦੇ ਸਮਾਗਮ ਦੀ ਸਫਲਤਾ ਲਈ ਮੈਂ ਜਥੇਦਾਰ ਅਵਤਾਰ ਸਿੰਘ ਪ੍ਰਧਾਨ ਸ਼੍ਰੋਮਣੀ ਕਮੇਟੀ, ਸ. ਮਨਜੀਤ ਸਿੰਘ ਸਕੱਤਰ ਧਰਮ ਪ੍ਰਚਾਰ ਕਮੇਟੀ, ਡਾ. ਰੂਪ ਸਿੰਘ ਸਕੱਤਰ ਤੇ ਸ. ਸੁਖਦੇਵ ਸਿੰਘ ਭੂਰਾ ਕੋਹਨਾ ਐਡੀ: ਸਕੱਤਰ ਧਰਮ ਪ੍ਰਚਾਰ ਕਮੇਟੀ ਨੂੰ ਵਿਸ਼ੇਸ਼ ਤੌਰ 'ਤੇ ਵਧਾਈ ਦਿੰਦਾ ਹਾਂ।

ਇਸ ਮੌਕੇ ਸ. ਰਜਿੰਦਰ ਸਿੰਘ ਮਹਿਤਾ ਅੰਤ੍ਰਿੰਗ ਮੈਂਬਰ ਸ਼੍ਰੋਮਣੀ ਕਮੇਟੀ, ਸ. ਰਾਮ ਸਿੰਘ ਮੈਂਬਰ ਸ਼੍ਰੋਮਣੀ ਕਮੇਟੀ, ਡਾ. ਰੂਪ ਸਿੰਘ ਸਕੱਤਰ ਸ਼੍ਰੋਮਣੀ ਕਮੇਟੀ ਅਤੇ ਸ. ਮਨਜੀਤ ਸਿੰਘ ਸਕੱਤਰ ਧਰਮ ਪ੍ਰਚਾਰ ਕਮੇਟੀ ਨੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਵੱਲੋਂ ਨਵੀਂ ਪੀੜ੍ਹੀ ਨੂੰ ਆਪਣੇ ਵਿਰਸੇ ਨਾਲ ਜੋੜੀ ਰੱਖਣ ਲਈ ਸਿੱਖ ਇਤਿਹਾਸ, ਸਿੱਖ ਰਹਿਤ ਮਰਯਾਦਾ ਤੇ ਗੁਰਬਾਣੀ ਕੰਠ ਲਹਿਰ ਮੁਕਾਬਲੇ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਵਾਲੇ ਪੰਜਾਬ ਭਰ ਦੇ ੬੩ ਸਕੂਲਾਂ ਵਿਚ ਕਰਵਾਏ ਗਏ ਹਨ। ਇਨ੍ਹਾਂ ਮੁਕਾਬਲਿਆਂ ਨੂੰ ਦੋ ਭਾਗਾਂ ਵਿਚ ਵੰਡਿਆ ਗਿਆ ਸੀ। ਭਾਗ ਪਹਿਲੇ ਵਿਚ ਪਹਿਲੀ ਤੋਂ ੮ਵੀਂ ਤੱਕ ਅਤੇ ਭਾਗ ਦੂਜੇ ੯ਵੀਂ ਤੋਂ ੧੨ਵੀਂ ਤੱਕ ਦੇ ੨੦-੨੦ ਵਿਦਿਆਰਥੀਆਂ ਨੂੰ ਸ਼ਾਮਲ ਕੀਤਾ ਗਿਆ। ਜਿਹੜੇ ਵਿਦਿਆਰਥੀ ਇਨ੍ਹਾਂ ਮੁਕਾਬਲਿਆਂ ਦੌਰਾਨ ਪਹਿਲੇ, ਦੂਜੇ ਅਤੇ ਤੀਜੇ ਸਥਾਨ ਵਿਚ ਆਏ ਉਨ੍ਹਾਂ ਨੂੰ ਜੋਨ ਪੱਧਰ ਦੇ ਮੁਕਾਬਲਿਆਂ ਵਿਚ ਸ਼ਾਮਲ ਕੀਤਾ ਗਿਆ। ਉਨ੍ਹਾਂ ਕਿਹਾ ਕਿ ਪੰਜਾਬ ਦੇ ਕੁੱਲ ੯ ਜੋਨ ਬਣਾਏ ਗਏ ਹਨ ਤੇ ਅੱਜ ਸਥਾਨਕ ਭਾਈ ਗੁਰਦਾਸ ਹਾਲ ਵਿਖੇ ਦੂਸਰਾ ਜੋਨਲ ਮੁਕਾਬਲਾ ਧਰਮ ਪ੍ਰਚਾਰ ਕਮੇਟੀ ਵੱਲੋਂ ਕਰਵਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਜਿਹੜੇ ਵਿਦਿਆਰਥੀ ਪੰਜਾਬ ਦੇ ੯

ਜੋਨਾਂ ਵਿਚੋਂ ਪਹਿਲਾ, ਦੂਜਾ ਤੇ ਤੀਜਾ ਸਥਾਨ ਹਾਸਲ ਕਰਨਗੇ, ਉਨ੍ਹਾਂ ਨੂੰ ਰਾਜ ਪੱਧਰੀ ਸਮਾਗਮ ਵਿਚ ਸ਼ਾਮਲ ਕੀਤਾ ਜਾਵੇਗਾ ਤੇ ਇਸ ਰਾਜ ਪੱਧਰੀ ਸਮਾਗਮ ਦੌਰਾਨ ਜਿਹੜੇ ਵਿਦਿਆਰਥੀ ਪਹਿਲਾ, ਦੂਜਾ ਅਤੇ ਤੀਜਾ ਸਥਾਨ ਹਾਸਲ ਕਰਨਗੇ ਉਨ੍ਹਾਂ ਨੂੰ ਕ੍ਰਮਵਾਰ ੫੧ ਹਜ਼ਾਰ, ੪੧ ਹਜ਼ਾਰ ਤੇ ੩੧ ਹਜ਼ਾਰ ਰੁਪਏ ਨਕਦ ਇਨਾਮ ਦੇ ਨਾਲ-ਨਾਲ ਸਨਮਾਨ ਚਿੰਨ੍ਹ ਦੇ ਕੇ ਜਥੇਦਾਰ ਅਵਤਾਰ ਸਿੰਘ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਨਮਾਨਤ ਕਰਨਗੇ।

ਸਮਾਗਮ ਦੌਰਾਨ ਭਾਈ ਜਗਦੇਵ ਸਿੰਘ ਹੈੱਡ ਪ੍ਰਚਾਰਕ ਵੱਲੋਂ ਵਿਦਿਆਰਥੀਆਂ ਨੂੰ ਸਵਾਲ ਕੀਤੇ ਗਏ ਅਤੇ ਪ੍ਰਿੰਸੀਪਲ ਬਲਦੇਵ ਸਿੰਘ ਤੇ ਬੀਬੀ ਰਜਵੰਤ ਕੌਰ ਪ੍ਰੋਫੈਸਰ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਅੰਮ੍ਰਿਤਸਰ, ਸ. ਰਾਜਪਾਲ ਸਿੰਘ ਇੰਚਾਰਜ ਸੰਤ ਕਰਤਾਰ ਸਿੰਘ ਖਾਲਸਾ ਸਿੱਖ ਮਿਸ਼ਨਰੀ ਕਾਲਜ ਭੂਰਾ ਕੋਹਨਾ ਤਰਨ ਤਾਰਨ, ਡਾ. ਅਮਰਜੀਤ ਸਿੰਘ ਪ੍ਰੋ. ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਤੇ ਸ. ਕੁਲਰਾਜ ਸਿੰਘ ਨੇ ਜੱਜ ਦੀ ਭੂਮਿਕਾ ਨਿਭਾਈ।

